Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 316 | 08/05/2026 | www.samajweekly.com | samajweekly | @samajweekly | samajweekly

# ਧਾਰਮਿਕ ਮਾਮਲਿਆਂ ਵਿੱਚ ਦਖ਼ਲ ਨਾਲ ਟੁੱਟ-ਭੰਨ ਹੋਣ ਦਾ ਖ਼ਤਰਾ: ਸੁਪਰੀਮ ਕੋਰਟ

**ਨਵੀਂ ਦਿੱਲੀ।** ਸੁਪਰੀਮ ਕੋਰਟ ਨੇ ਵੀਰਵਾਰ ਨੂੰ ਧਾਰਮਿਕ ਰੀਤੀ-ਰਿਵਾਜਾਂ ਅਤੇ ਸੰਵਿਧਾਨਕ ਅਧਿਕਾਰਾਂ ਨਾਲ ਜੁੜੇ ਮਾਮਲੇ ਦੀ ਸੁਣਵਾਈ ਦੌਰਾਨ ਅਹਿਮ ਟਿੱਪਣੀ ਕਰਦਿਆਂ ਕਿਹਾ ਕਿ ਜੇ ਲੋਕ ਹਰ ਧਾਰਮਿਕ ਪ੍ਰਥਾ ਜਾਂ ਮਾਮਲੇ ਨੂੰ ਸੰਵਿਧਾਨਕ ਅਦਾਲਤ ਵਿੱਚ ਚੁਣੌਤੀ ਦੇਣ ਲੱਗ ਪਏ ਤਾਂ ਪਟੀਸ਼ਨਾਂ ਦਾ ਹੜ੍ਹ ਆ ਜਾਵੇਗਾ ਅਤੇ ਇਸ ਨਾਲ ਹਰ ਧਰਮ 'ਟੁੱਟਣ' ਦਾ ਖ਼ਤਰਾ ਪੈਦਾ ਹੋ ਜਾਵੇਗਾ। ਚੀਫ ਜਸਟਿਸ ਸੂਰਿਆ ਕਾਂਤ ਦੀ ਅਗਵਾਈ ਹੇਠਲੇ ਨੌਂ ਜੱਜਾਂ ਦੇ ਸੰਵਿਧਾਨਕ ਬੈਂਚ ਵੱਲੋਂ ਸ਼ਬਰੀਮਾਲਾ ਮੰਦਰ ਵਿੱਚ ਔਰਤਾਂ ਦੇ ਦਾਖ਼ਲੇ ਅਤੇ ਦਾਊਦੀ ਬੋਹਰਾ ਭਾਈਚਾਰੇ ਵਿੱਚ ਸਮਾਜਿਕ ਬਾਈਕਾਟ ਵਰਗੇ ਧਾਰਮਿਕ ਆਜ਼ਾਦੀ ਨਾਲ ਜੁੜੇ ਮੁੱਦਿਆਂ 'ਤੇ ਸੁਣਵਾਈ ਕੀਤੀ ਜਾ ਰਹੀ ਹੈ। ਮਾਮਲੇ 'ਤੇ ਸੁਣਵਾਈ ਅਗਲੇ ਹਫ਼ਤੇ ਵੀ ਜਾਰੀ ਰਹੇਗੀ। ਜਸਟਿਸ ਬੀ ਵੀ ਨਾਗਰਤਨਾ ਨੇ ਸਵਾਲ ਕੀਤਾ ਕਿ ਜੇ ਹਰ ਕੋਈ ਧਾਰਮਿਕ ਮਾਮਲਿਆਂ 'ਤੇ ਸਵਾਲ ਚੁੱਕਣ ਲੱਗ ਪਿਆ ਤਾਂ ਉਸ ਸੱਭਿਅਤਾ ਦਾ ਕੀ ਹੋਵੇਗਾ ਜਿੱਥੇ ਧਰਮ ਭਾਰਤੀ ਸਮਾਜ ਨਾਲ ਇੰਨਾ ਨੇੜਿਉਂ ਜੁੜਿਆ ਹੋਇਆ ਹੈ। ਕੇਰਲਾ ਸਰਕਾਰ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਜੈਦੀਪ ਗੁਪਤਾ ਨੇ ਕਿਹਾ ਕਿ ਕਿਸੇ ਦਾ ਵੀ ਅਧਿਕਾਰ ਸਰਵਉੱਚ ਨਹੀਂ ਹੈ। ਉਨ੍ਹਾਂ ਦਲੀਲ ਦਿੱਤੀ ਕਿ ਜੇ ਕੋਈ ਵਿਵਾਦ ਪੈਦਾ ਹੁੰਦਾ ਹੈ ਤਾਂ ਅਦਾਲਤ ਨੂੰ ਉਸ ਧਰਮ ਦੇ ਮੈਂਬਰਾਂ ਦੇ ਸਬੂਤਾਂ ਦੇ ਆਧਾਰ 'ਤੇ ਫ਼ੈਸਲਾ ਕਰਨਾ ਚਾਹੀਦਾ ਹੈ, ਨਾ ਕਿ ਆਪਣੀ ਧਾਰਮਿਕ ਰਾਏ ਥੋਪਣੀ




ਚਾਹੀਦੀ ਹੈ। ਸੁਧਾਰਵਾਦੀ ਦਾਊਦੀ ਬੋਹਰਾ ਗਰੁੱਪ ਦੀ ਨੁਮਾਇੰਦਗੀ ਕਰ ਰਹੇ ਸੀਨੀਅਰ ਵਕੀਲ ਰਾਜੂ ਰਾਮਚੰਦਰਨ ਨੇ 1962 ਦੇ ਪੁਰਾਣੇ ਫ਼ੈਸਲੇ ਨੂੰ ਚੁਣੌਤੀ ਦਿੱਤੀ ਅਤੇ ਕਿਹਾ ਕਿ ਅਜਿਹੀਆਂ ਪ੍ਰਥਾਵਾਂ ਜੋ ਮੌਲਿਕ ਅਧਿਕਾਰਾਂ 'ਤੇ ਮਾੜਾ ਅਸਰ ਪਾਉਂਦੀਆਂ ਹਨ, ਨੂੰ ਧਾਰਾ 25 ਜਾਂ 26 ਤਹਿਤ ਸੰਵਿਧਾਨਕ ਸੁਰੱਖਿਆ ਨਹੀਂ ਮਿਲਣੀ ਚਾਹੀਦੀ। ਬੈਂਚ ਨੇ ਚਿੰਤਾ ਪ੍ਰਗਟਾਈ ਕਿ ਮੰਦਰਾਂ ਦੇ ਖੁੱਲ੍ਹਣ-ਬੰਦ ਹੋਣ ਅਤੇ ਹਰ ਛੋਟੇ ਰੀਤੀ-ਰਿਵਾਜ ਨੂੰ ਅਦਾਲਤ ਵਿੱਚ ਲਿਆਉਣ ਨਾਲ ਵਿਵਸਥਾ ਵਿਗੜ ਸਕਦੀ ਹੈ। ਅਦਾਲਤ ਫ਼ਿਲਹਾਲ ਇਸ ਗੱਲ 'ਤੇ ਵਿਚਾਰ ਕਰ ਰਹੀ ਹੈ ਕਿ ਧਾਰਮਿਕ ਆਜ਼ਾਦੀ ਅਤੇ ਵਿਅਕਤੀਗਤ ਬੁਨਿਆਦੀ ਹੱਕਾਂ ਵਿਚਕਾਰ ਤਵਾਜ਼ਨ ਕਿਵੇਂ ਬਣਾਇਆ ਜਾਵੇ।

## ਟਰੰਪ ਵੱਲੋਂ 'ਪ੍ਰੋਜੈਕਟ ਫਰੀਡਮ' ਰੋਕਣ ਦਾ ਐਲਾਨ

**ਵਾਸ਼ਿੰਗਟਨ**

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਈਰਾਨ ਨਾਲ ਜੰਗ ਖ਼ਤਮ ਕਰਨ ਲਈ ਚੱਲ ਰਹੀ ਗੱਲਬਾਤ ਵਿੱਚ 'ਵੱਡੀ ਪ੍ਰਗਤੀ' ਦਾ ਦਾਅਵਾ ਕਰਦਿਆਂ ਹੋਰਮੁਜ਼ ਜਲਡਮਰੂ ਵਿੱਚ ਫਸੇ ਜਹਾਜ਼ਾਂ ਨੂੰ ਸੁਰੱਖਿਅਤ ਬਾਹਰ ਕੱਢਣ ਦੀ ਮੁਹਿੰਮ 'ਪ੍ਰੋਜੈਕਟ ਫਰੀਡਮ' ਨੂੰ ਮੁਅੱਤਲ ਕਰ ਦਿੱਤਾ ਹੈ। ਟਰੰਪ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਟਰੁਥ ਸੋਸ਼ਲ' 'ਤੇ ਇੱਕ ਪੋਸਟ ਰਾਹੀਂ ਦੱਸਿਆ ਕਿ ਈਰਾਨੀ ਨੁਮਾਇੰਦਿਆਂ ਨਾਲ ਇੱਕ ਮੁਕੰਮਲ ਅਤੇ ਅੰਤਮ ਸਮਝੌਤੇ ਦੀ ਦਿਸ਼ਾ ਵਿੱਚ ਅਹਿਮ ਪੁਲਾਂਘਾਂ ਪੁੱਟੀਆਂ ਗਈਆਂ ਹਨ।



ਟਰੰਪ ਨੇ ਕਿਹਾ ਕਿ ਪਾਕਿਸਤਾਨ ਅਤੇ ਕੁਝ ਹੋਰ ਦੇਸ਼ਾਂ ਦੀ ਬੇਨਤੀ ਅਤੇ ਈਰਾਨ ਵਿਰੁੱਧ ਫੌਜੀ ਮੁਹਿੰਮ ਦੌਰਾਨ ਮਿਲੀ ਵੱਡੀ ਸਫਲਤਾ ਨੂੰ ਦੇਖਦੇ ਹੋਏ ਇਹ ਫੈਸਲਾ ਲਿਆ ਗਿਆ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਹਾਲਾਂ ਕਿ ਈਰਾਨ ਦੀ ਘੇਰਾਬੰਦੀ ਪੂਰੀ ਤਰ੍ਹਾਂ ਜਾਰੀ ਰਹੇਗੀ, ਪਰ 'ਪ੍ਰੋਜੈਕਟ ਫਰੀਡਮ' ਨੂੰ ਕੁਝ ਸਮੇਂ ਲਈ ਰੋਕਿਆ ਜਾ ਰਿਹਾ ਹੈ, ਤਾਂ ਜੋ ਇਹ ਦੇਖਿਆ ਜਾ ਸਕੇ ਕਿ ਸਮਝੌਤੇ ਨੂੰ ਅੰਤਮ ਰੂਪ ਦਿੱਤਾ ਜਾ ਸਕਦਾ ਹੈ ਜਾਂ ਨਹੀਂ। ਜ਼ਿਕਰਯੋਗ ਹੈ ਕਿ ਇਹ ਪ੍ਰੋਜੈਕਟ ਸੋਮਵਾਰ ਨੂੰ ਹੀ ਉਨ੍ਹਾਂ ਜਹਾਜ਼ਾਂ ਨੂੰ ਬਚਾਉਣ ਲਈ ਸ਼ੁਰੂ ਕੀਤਾ ਗਿਆ ਸੀ, ਜੋ ਖਾੜੀ ਖੇਤਰ ਵਿੱਚ ਰਸਤਾ ਬੰਦ ਹੋਣ ਕਾਰਨ ਫਸ ਗਏ ਸਨ। ਇਸੇ ਦੌਰਾਨ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਵ੍ਹਾਈਟ ਹਾਊਸ ਵਿੱਚ ਪ੍ਰੈੱਸ ਕਾਨਫਰੰਸ ਦੌਰਾਨ ਐਲਾਨ ਕੀਤਾ ਕਿ 28 ਫਰਵਰੀ ਨੂੰ ਸ਼ੁਰੂ ਕੀਤੀ ਗਈ 'ਅਪਰੇਸ਼ਨ ਐਪਿਕ ਫਿਊਰੀ' ਸਫ਼ਲਤਾਪੂਰਵਕ ਮੁਕੰਮਲ ਹੋ ਗਈ ਹੈ। ਉਨ੍ਹਾ ਕਿਹਾ ਕਿ ਅਮਰੀਕਾ ਜੰਗ ਦੀ ਬਜਾਏ ਸ਼ਾਂਤੀ ਦਾ ਰਸਤਾ ਚਾਹੁੰਦਾ ਹੈ।

## ਨਿਊਯਾਰਕ 'ਚ ਬਜ਼ੁਰਗ ਸਿੱਖ ਟੈਕਸੀ ਡਰਾਈਵਰ ਨੂੰ ਅਫਰੀਕੀ-ਅਮਰੀਕਾ ਵਿਅਕਤੀ ਨੇ ਦਿੱਤਾ ਧੱਕਾ

**ਨਿਊਯਾਰਕ :** ਨਿਊਯਾਰਕ ਸਿਟੀ ਵਿੱਚ ਇੱਕ ਬਜ਼ੁਰਗ ਸਿੱਖ ਟੈਕਸੀ ਡਰਾਈਵਰ ਨੂੰ ਜ਼ਮੀਨ 'ਤੇ ਧੱਕਾ ਦੇਣ ਦੀ ਇੱਕ ਪ੍ਰੇਸ਼ਾਨ ਕਰਨ ਵਾਲੀ ਘਟਨਾ ਸਾਹਮਣੇ ਆਈ ਹੈ, ਜਿਸ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਤੋਂ ਬਾਅਦ ਲੋਕਾਂ ਵਿੱਚ ਭਾਰੀ ਗੁੱਸਾ ਪਾਇਆ ਜਾ ਰਿਹਾ ਹੈ। ਕਥਿਤ ਤੌਰ 'ਤੇ ਉਸ 'ਤੇ ਇੱਕ ਅਫਰੀਕੀ-ਅਮਰੀਕੀ ਵਿਅਕਤੀ ਵੱਲੋਂ ਹਮਲਾ ਕੀਤਾ ਗਿਆ ਸੀ। ਵੀਡੀਓ ਵਿੱਚ ਦਿਖਾਇਆ ਗਿਆ ਹੈ ਕਿ ਸੜਕ ਕੰਢੇ ਹੋਈ ਬਹਿਸ ਤੋਂ ਬਾਅਦ ਇੱਕ ਵਿਅਕਤੀ ਵੱਲੋਂ ਬਜ਼ੁਰਗ ਡਰਾਈਵਰ ਨੂੰ ਧੱਕਾ ਦਿੱਤਾ ਗਿਆ ਹੈ। ਹਮਲਾਵਰ ਨੇ ਕਥਿਤ ਤੌਰ 'ਤੇ ਡਰਾਈਵਰ 'ਤੇ ਦੂਜੀ ਗੱਡੀ ਨੂੰ ਟੱਕਰ ਮਾਰਨ ਦਾ ਦੋਸ਼ ਲਗਾਇਆ ਅਤੇ ਉਸ ਨੂੰ ਜ਼ੋਰ ਨਾਲ ਜ਼ਮੀਨ 'ਤੇ ਧੱਕਣ ਤੋਂ ਪਹਿਲਾਂ ਹੋਰ ਹਿੰਸਾ ਕਰਨ ਦੀ ਧਮਕੀ ਦਿੰਦੇ ਹੋਏ ਸੁਣਿਆ ਗਿਆ। ਹਾਲਾਂਕਿ ਪੀੜਤ ਦੇ ਸੱਟਾਂ ਲੱਗੀਆਂ ਹਨ, ਪਰ ਸੋਸ਼ਲ ਮੀਡੀਆ ਅਪਡੇਟ ਵਿੱਚ ਦੱਸਿਆ ਗਿਆ ਹੈ ਕਿ ਉਹ ਸੁਰੱਖਿਅਤ ਹੈ



ਅਤੇ "ਚੜ੍ਹਦੀ ਕਲਾ" ਵਿੱਚ ਹੈ। ਇਸ ਘਟਨਾ 'ਤੇ ਸਿੱਖ ਜਥੇਬੰਦੀਆਂ ਨੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ, ਜਿਨ੍ਹਾਂ ਨੇ ਹਮਲੇ ਦੀ ਨਿੰਦਾ ਕੀਤੀ ਹੈ ਅਤੇ ਭਾਈਚਾਰੇ ਦੇ ਬਜ਼ੁਰਗ ਮੈਂਬਰਾਂ, ਖਾਸ ਕਰਕੇ ਟੈਕਸੀ ਡਰਾਈਵਿੰਗ ਵਰਗੇ ਜਨਤਕ ਕੰਮਾਂ ਵਿੱਚ ਲੱਗੇ ਲੋਕਾਂ ਦੀ ਸੁਰੱਖਿਆ 'ਤੇ ਚਿੰਤਾ ਪ੍ਰਗਟਾਈ ਹੈ। ਭਾਈਚਾਰਕ ਆਗੂਆਂ ਨੇ ਬਜ਼ੁਰਗ ਵਿਅਕਤੀ ਵਿਰੁੱਧ ਵਰਤੀ ਗਈ ਹਿੰਸਾ ਦੇ ਪੱਧਰ 'ਤੇ ਸਵਾਲ ਚੁੱਕੇ ਹਨ ਅਤੇ ਅਜਿਹੀ ਹਿੰਸਾ ਦੇ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਉਨ੍ਹਾਂ ਸਿੱਖ ਡਰਾਈਵਰਾਂ ਦੀ ਕਮਜ਼ੋਰ ਸਥਿਤੀ ਨੂੰ ਵੀ ਉਜਾਗਰ ਕੀਤਾ, ਜਿਨ੍ਹਾਂ ਵਿੱਚੋਂ ਬਹੁਤ ਸਾਰੇ ਪਰਵਾਸੀ ਅਤੇ ਸੀਨੀਅਰ ਨਾਗਰਿਕ ਹਨ।

# ਤੇਲ ਦੀਆਂ ਕੀਮਤਾਂ 'ਚ ਗਿਰਾਵਟ ਅਤੇ ਅਮਰੀਕਾ-ਇਰਾਨ ਗੱਲਬਾਤ ਵਿਚਾਲੇ ਸ਼ੇਅਰ ਬਾਜ਼ਾਰ 'ਚ ਰੌਣਕ

**ਮੁੰਬਈ:** ਭਾਰਤੀ ਸ਼ੇਅਰ ਬਾਜ਼ਾਰ ਵਿਚ ਬੁਧਵਾਰ ਨੂੰ ਜ਼ਬਰਦਸਤ ਤੇਜ਼ੀ ਵੇਖਣ ਨੂੰ ਮਿਲੀ। ਕੱਚੇ ਤੇਲ ਦੀਆਂ ਕੀਮਤਾਂ ਵਿਚ ਭਾਰੀ ਗਿਰਾਵਟ ਅਤੇ ਅਮਰੀਕਾ-ਇਰਾਨ ਵਿਚਾਲੇ ਸ਼ਾਂਤੀਵਾਰਤਾ ਦੀਆਂ ਖ਼ਬਰਾਂ ਨੇ ਨਿਵੇਸ਼ਕਾਂ ਦੇ ਉਤਸ਼ਾਹ ਨੂੰ ਵਧਾ ਦਿਤਾ ਹੈ। ਬੀ.ਐੱਸ.ਈ. ਸੈਂਸੈਕਸ 940.73 ਅੰਕਾਂ ਦੀ ਵੱਡੀ ਛਾਲ ਮਾਰ ਕੇ 77,958.52 ਉਤੇ ਬੰਦ ਹੋਇਆ, ਜਦਕਿ ਨਿਫਟੀ ਵੀ 298.15 ਅੰਕਾਂ ਦੇ ਵਾਧੇ ਨਾਲ 24,330.95 ਦੇ ਪੱਧਰ ਉਤੇ ਪਹੁੰਚ ਗਿਆ। ਇਸ ਤੇਜ਼ੀ ਦਾ ਮੁੱਖ ਕਾਰਨ ਅਮਰੀਕੀ ਰਾਸ਼ਟਰਪਤੀ ਡੋਨ-ਾਲਡ ਟਰੰਪ ਦਾ ਉਹ ਬਿਆਨ ਰਿਹਾ, ਜਿਸ ਵਿਚ ਉਨ੍ਹਾਂ ਨੇ ਇਰਾਨ ਨਾਲ ਸਮਝੌਤੇ ਵਲ ਵਧਣ ਦਾ ਦਾਅਵਾ ਕੀਤਾ ਹੈ। ਟਰੰਪ ਨੇ 'ਟਰੂਥ ਸੋਸ਼ਲ' ਉਤੇ ਪੋਸਟ ਕਰਦਿਆਂ ਕਿਹਾ, ''ਇਰਾਨ ਦੇ ਪ੍ਰਤੀਨਿਧਾਂ ਨਾਲ ਇਕ ਸੰਪੂਰਨ ਅਤੇ ਅੰਤਿਮ



ਸਮਝੌਤੇ ਵਲ ਵੱਡੀ ਤਰੱਕੀ ਹੋਈ ਹੈ।'' ਉਨ੍ਹਾਂ ਅੱਗੇ ਦਸਿਆ ਕਿ ਇਸ ਕਾਰਨ 'ਪ੍ਰਾਜੈਕਟ ਫ੍ਰੀਡਮ' ਨੂੰ ਕੁੱਝ ਸਮੇਂ ਲਈ ਰੋਕ ਦਿਤਾ ਗਿਆ ਹੈ ਤਾਂ ਜੋ ਸਮਝੌਤੇ ਨੂੰ ਅੰਤਿਮ ਰੂਪ ਦਿਤਾ ਜਾ ਸਕੇ। ਬਾਜ਼ਾਰ ਦੇ ਮਾਹਿਰਾਂ ਅਨੁਸਾਰ, ਤੇਲ ਦੀਆਂ ਕੀਮਤਾਂ 'ਚ ਗਿਰਾਵਟ ਭਾਰਤ ਵਰਗੀ ਆਯਾਤ-ਨਿਰਭਰ ਆਰਥਕਤਾ ਲਈ ਵੱਡੀ ਰਾਹਤ ਹੈ। ਲਾਈਵਲੌਂਗ ਵੈਲਥ ਦੇ ਸੰਸਥਾਪਕ ਹਰੀਪ੍ਰਸਾਦ ਕੇ. ਨੇ ਕਿਹਾ, ''ਇਹ ਉਤਸ਼ਾਹ ਮੁੱਖ ਤੌਰ ਉਤੇ ਵਿਸ਼ਵਵਿਆਪੀ ਸੀ। ਅਮਰੀਕਾ-ਇਰਾਨ ਸ਼ਾਂਤੀ ਸਮਝੌਤੇ ਦੀ ਉਮੀਦ ਨੇ ਕੱਚੇ ਤੇਲ ਦੀਆਂ ਕੀਮਤਾਂ ਵਿਚ ਤੇਜ਼ੀ ਨਾਲ ਗਿਰਾਵਟ ਲਿਆਂਦੀ ਹੈ।'' ਇੰਟਰਗਲੋਬ ਐਵੀਏਸ਼ਨ (ਇੰਡੀਗੋ) ਦੇ ਸ਼ੇਅਰਾਂ ਵਿਚ ਸੱਭ ਤੋਂ ਵੱਧ 6.6 ਫ਼ੀ ਸਦੀ ਦਾ ਉਛਾਲ ਵੇਖਿਆ ਗਿਆ। ਇਸ ਤੋਂ ਇਲਾਵਾ ਬੈਂਕਿੰਗ ਅਤੇ ਰੀਅਲਟੀ ਸੈਕਟਰ ਵੀ ਫਾਇਦੇ ਵਿਚ ਰਹੇ। ਹਾਲਾਂਕਿ, ਰਿਲਾਇੰਸ ਇੰਡਸਟਰੀਜ਼ ਦੇ ਸ਼ੇਅਰਾਂ ਵਿਚ ਗਿਰਾਵਟ ਦਰਜ ਕੀਤੀ ਗਈ। ਗਲੋਬਲ ਪੱਧਰ ਉਤੇ ਕੱਚਾ ਤੇਲ 8 ਫ਼ੀ ਸਦੀ ਡਿੱਗ ਕੇ 101.1 ਡਾਲਰ ਪ੍ਰਤੀ ਬੈਰਲ ਉਤੇ ਆ ਗਿਆ ਹੈ, ਜਿਸ ਨੇ ਬਾਜ਼ਾਰ ਦੀਆਂ ਭਾਵਨਾਵਾਂ ਨੂੰ ਹੋਰ ਮਜ਼ਬੂਤ ਕੀਤਾ।

# ਸਰਕਾਰ ਬਣਾਉਣ ਲਈ ਅਦਾਲਤ ਦਾ ਦਰਵਾਜ਼ਾ ਖੜਕਾ ਸਕਦੇ ਨੇ ਵਿਜੇ



**ਨਵੀਂ ਦਿੱਲੀ।** ਤਾਮਿਲਨਾਡੂ ਦੀ ਸਿਆਸਤ ਵਿੱਚ ਸਥਿਤੀ ਕਾਫੀ ਫਸਵੀਂ ਬਣਦੀ ਜਾ ਰਹੀ ਹੈ। 234 ਮੈਂਬਰੀ ਵਿਧਾਨ ਸਭਾ ਵਿੱਚ ਜੋਸਫ਼ ਵਿਜੇ ਦੀ ਪਾਰਟੀ ਟੀ ਵੀ ਕੇ 108 ਸੀਟਾਂ ਜਿੱਤ ਕੇ ਸਭ ਤੋਂ ਵੱਡੀ ਪਾਰਟੀ ਵਜੋਂ ਉੱਭਰੀ ਹੈ, ਪਰ ਤਿੰਨ ਦਿਨ ਬੀਤ ਜਾਣ ਦੇ ਬਾਵਜੂਦ ਅਜੇ ਤੱਕ ਕਿਸੇ ਵੀ ਪਾਰਟੀ ਨੂੰ ਸਰਕਾਰ ਬਣਾਉਣ ਲਈ ਸੱਦਾ ਨਹੀਂ ਦਿੱਤਾ ਗਿਆ। ਰਾਜਪਾਲ ਰਾਜੇਂਦਰ ਵਿਸ਼ਵਨਾਥ ਅਰਲੇਕਰ ਨੇ ਵੀਰਵਾਰ ਨੂੰ ਵਿਜੇ ਨਾਲ ਮੁਲਾਕਾਤ ਕੀਤੀ ਅਤੇ ਸਪਸ਼ਟ ਕੀਤਾ ਕਿ ਉਨ੍ਹਾਂ ਦੀ ਪਾਰਟੀ ਨੇ ਬਹੁਮਤ ਸਾਬਤ ਕਰਨ ਅਤੇ ਮੁੱਖ ਮੰਤਰੀ ਵਜੋਂ ਸਹੁੰ ਚੁੱਕਣ ਲਈ ਲੋੜੀਂਦੇ ਅੰਕੜੇ ਪੇਸ਼ ਨਹੀਂ ਕੀਤੇ ਹਨ। ਵਿਜੇ ਨੇ ਬੁੱਧਵਾਰ ਨੂੰ ਰਾਜਪਾਲ ਨਾਲ ਮੁਲ-ਾਕਾਤ ਦੌਰਾਨ ਸਰਕਾਰ ਬਣਾਉਣ ਦਾ ਦਾਅਵਾ ਪੇਸ਼ ਕੀਤਾ ਸੀ, ਪਰ ਰਾਜਪਾਲ ਉਨ੍ਹਾਂ ਦੇ ਅੰਕੜਿਆਂ ਤੋਂ ਸੰਤੁਸ਼ਟ ਨਹੀਂ ਹੋਏ। ਵਿਜੇ ਨੂੰ 118 ਵਿਧਾਇਕਾਂ ਦੇ ਸਮਰਥਨ ਦੀ ਲੋੜ ਹੈ ਅਤੇ ਹੁਣ ਤੱਕ ਉਨ੍ਹਾਂ ਨੂੰ ਸਿਰਫ ਕਾਂਗਰਸ ਤੋਂ ਸਮਰਥਨ ਮਿਲਿਆ ਹੈ, ਜਿਸ ਕੋਲ ਪੰਜ ਵਿਧਾਇਕ ਹਨ। ਖੱਬੇ ਪੱਖੀਆਂ ਪਾਰਟੀਆਂ, ਵੀ ਸੀ ਕੇ ਅਤੇ ਆਈ ਯੂ ਐੱਮ ਐੱਲ, ਜਿਨ੍ਹਾਂ ਕੋਲ ਦੋ-ਦੋ ਵਿਧਾਇਕ ਹਨ, ਨੇ ਅਜੇ ਤੱਕ ਰਸਮੀ ਤੌਰ 'ਤੇ ਵਿਜੇ ਨੂੰ ਸਮਰਥਨ ਨਹੀਂ ਦਿੱਤਾ ਹੈ ਅਤੇ ਉਹ ਅਜੇ ਵੀ ਗੱਲਬਾਤ ਵਿੱਚ ਲੱਗੇ ਹੋਏ ਹਨ। ਦੂਜੇ ਪਾਸੇ, ਟੀ ਵੀ ਕੇ ਪਾਰਟੀ ਇਸ ਆਧਾਰ 'ਤੇ ਅਦਾਲਤ ਜਾ ਸਕਦੀ ਹੈ ਕਿ 1988 ਵਿੱਚ ਸਰਕਾਰੀਆ ਕਮਿਸ਼ਨ ਨੇ 'ਹੰਗ ਅਸੈਂਬਲੀ' (ਜਿੱਥੇ ਕਿਸੇ ਵੀ ਪਾਰਟੀ ਨੂੰ ਬਹੁਮਤ ਨਾ ਮਿਲੇ) ਦੀ ਸਥਿਤੀ ਵਿੱਚ ਰਾਜਪਾਲਾਂ ਲਈ ਦਿਸ਼ਾ-ਨਿਰਦੇਸ਼ ਤੈਅ ਕੀਤੇ ਸਨ। ਉਨ੍ਹਾਂ ਦਿਸ਼ਾ-ਨਿਰਦੇਸ਼ਾਂ ਦੇ ਤਹਿਤ, ਰਾਜਪਾਲ ਸਭ ਤੋਂ ਪਹਿਲਾਂ ਚੋਣਾਂ ਤੋਂ ਪਹਿਲਾਂ ਬਣੇ ਸਭ ਤੋਂ ਵੱਡੇ ਗਠਜੋੜ ਨੂੰ ਸਰਕਾਰ ਬਣਾਉਣ ਦਾ ਸੱਦਾ ਦੇ ਸਕਦਾ ਹੈ। ਜੇਕਰ ਅਜਿਹਾ ਨਾ ਹੋਵੇ, ਤਾਂ ਉਹ ਸਭ ਤੋਂ ਵੱਡੀ ਸਿੰਗਲ ਪਾਰਟੀ ਨੂੰ ਸਰਕਾਰ ਬਣਾਉਣ ਅਤੇ ਵਿਧਾਨ ਸਭਾ ਵਿੱਚ ਆਪਣਾ ਬਹੁਮਤ ਸਾਬਤ ਕਰਨ ਲਈ ਬੁਲਾ ਸਕਦਾ ਹੈ।

# ਪੱਛਮੀ ਬੰਗਾਲ ਵਿੱਚ ਸ਼ੁਭੇਂਦੂ ਅਧਿਕਾਰੀ ਦੇ ਪੀਏ ਦਾ ਕਤਲ

## ਚੰਦਰਨਾਥ ਰੱਥ ਦੀ ਕਾਰ ਨੂੰ ਸੜਕ ਵਿਚਾਲੇ ਰੋਕ ਕੇ ਕੀਤੀ ਫ਼ਾਇਰਿੰਗ



**ਨਵੀਂ ਦਿਲੀ।** ਪੱਛਮੀ ਬੰਗਾਲ ਵਿੱਚ ਇੱਕ ਹੈਰਾਨ ਕਰਨ ਵਾਲੀ ਘਟਨਾ ਸਾਹਮਣੇ ਆਈ ਹੈ। ਭਾਜਪਾ ਨੇਤਾ ਸੁਵੇਂਦੂ ਅਧਿਕਾਰੀ ਦੇ ਨਿੱਜੀ ਸਹਾਇਕ ਚੰਦਰਨਾਥ ਰੱਥ ਦਾ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਰਿਪੋਰਟਾਂ ਅਨੁਸਾਰ, ਇਹ ਘਟਨਾ ਉੱਤਰੀ 24 ਪਰਗਨਾ ਜ਼ਿਲ੍ਹੇ ਦੇ ਮੱਧਗ੍ਰਾਮ ਖੇਤਰ ਵਿੱਚ ਵਾਪਰੀ, ਜਿੱਥੇ ਚੰਦਰਨਾਥ ਨੂੰ ਨਿਸ਼ਾਨਾ ਬਣਾ ਕੇ ਚਾਰ ਗੋਲੀਆਂ ਚਲਾਈਆਂ ਗਈਆਂ। ਗੋਲੀਬਾਰੀ ਵਿੱਚ ਚੰਦਰਨਾਥ ਅਤੇ ਉਸ ਦਾ ਡਰਾਈਵਰ ਗੰਭੀਰ ਜ਼ਖ਼ਮੀ ਹੋ ਗਏ। ਉਨ੍ਹਾਂ ਨੂੰ ਨੇੜਲੇ ਹਸਪਤਾਲ ਲਿਜਾਇਆ ਗਿਆ, ਜਿੱਥੇ ਇਲਾਜ ਦੌਰਾਨ ਚੰਦਰਨਾਥ ਦੀ ਮੌਤ ਹੋ ਗਈ। ਦੱਸਿਆ ਜਾ ਰਿਹਾ ਹੈ ਕਿ ਚੰਦਰਨਾਥ ਦੀ ਗੱਡੀ ਨੂੰ ਸੜਕ ਦੇ ਵਿਚਕਾਰ ਰੋਕ ਕੇ ਹਮਲਾ ਕੀਤਾ ਗਿਆ। ਪੁਲਿਸ ਸੂਤਰਾਂ ਅਨੁਸਾਰ, ਦੋ ਗੱਡੀਆਂ ਇੱਕ ਕਾਰ ਅਤੇ ਇੱਕ ਮੋਟਰਸਾਈਕਲ ਚੰਦਰਨਾਥ ਰੱਥ ਦੀ ਕਾਰ ਦਾ ਪਿੱਛਾ ਕਰ ਰਹੀਆਂ ਸਨ। ਕਾਰ ਨੇ ਚੰਦਰ ਦੀ ਗੱਡੀ ਨੂੰ ਓਵਰਟੇਕ ਕਰ ਲਿਆ, ਜਿਸ ਤੋਂ ਬਾਅਦ ਮੋਟਰਸਾਈਕਲ ਸਵਾਰ ਹਮਲਾਵਰਾਂ ਨੇ ਉਸ 'ਤੇ ਗੋਲੀਆਂ ਚਲਾ ਦਿੱਤੀਆਂ। ਹਾਲਾਂਕਿ, ਹੋਰ ਵੇਰਵਿਆਂ ਦੀ ਅਜੇ ਉਡੀਕ ਹੈ, ਅਤੇ ਪੁਲਿਸ ਜਸ਼ੋਰ ਰੋਡ ਤੋਂ ਸੀਸੀਟੀਵੀ ਫੁਟੇਜ ਦੀ ਜਾਂਚ ਕਰ ਰਹੀ ਹੈ, ਜਿੱਥੇ ਇਹ ਘਟਨਾ ਵਾਪਰੀ ਸੀ। ਹੁਣ ਤੱਕ, ਚਸ਼ਮਦੀਦਾਂ ਤੋਂ ਮੁੱਢਲੀ ਜਾਣਕਾਰੀ ਇਕੱਠੀ ਕੀਤੀ ਗਈ ਹੈ। ਗਵਾਹਾਂ ਨੇ ਪੁਲਿਸ ਨੂੰ ਦੱਸਿਆ ਕਿ ਮੋਟਰਸਾਈਕਲ 'ਤੇ ਰਜਿਸਟ੍ਰੇਸ਼ਨ ਪਲੇਟ ਨਹੀਂ ਸੀ। ਚੰਦਰਨਾਥ ਨੂੰ ਕਈ ਥਾਂ ਗੋਲੀਆਂ ਮਾਰੀਆਂ ਗਈਆ। ਘਟਨਾ ਦੀ ਜਾਣਕਾਰੀ ਮਿਲਣ 'ਤੇ, ਪੁਲਿਸ ਮੌਕੇ 'ਤੇ ਪਹੁੰਚੀ ਅਤੇ ਜਾਂਚ ਸ਼ੁਰੂ ਕਰ ਦਿੱਤੀ। ਇਲਾਕੇ ਵਿੱਚ ਨਾਕਾਬੰਦੀ ਕਰ ਦਿੱਤੀ ਗਈ ਹੈ, ਅਤੇ ਹਮਲਾਵਰਾਂ ਦੀ ਭਾਲ ਕੀਤੀ ਜਾ ਰਹੀ ਹੈ। ਪੁਲਿਸ ਸ਼ੱਕੀਆਂ ਦੀ ਪਛਾਣ ਕਰਨ ਲਈ ਆਲੇ ਦੁਆਲੇ ਦੇ ਇਲਾਕੇ ਤੋਂ ਸੀਸੀਟੀਵੀ ਫੁਟੇਜ ਦੀ ਜਾਂਚ ਕਰ ਰਹੀ ਹੈ। ਜਾਣਕਾਰੀ ਮਿਲਣ 'ਤੇ, ਸ਼ੁਭੇਂਦੂ ਅਧਿਕਾਰੀ ਨੇ ਨਿੱਜੀ ਤੌਰ 'ਤੇ ਹਸਪਤਾਲ ਦਾ ਦੌਰਾ ਕੀਤਾ ਅਤੇ ਘਟਨਾ ਬਾਰੇ ਪੁੱਛਗਿੱਛ ਕੀਤੀ।


Samaj Weekly

ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office

Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com


ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਕੈਨੇਡਾ ਰਹਿੰਦੇ ਬੱਚਿਆਂ ਦੇ ਮਾਂ ਪਿਓ ਨੇ ਕੀਤੀ ਖ਼ੁਦਕੁਸ਼ੀ

**ਮੁੱਲਾਂਪੁਰ ਦਾਖਾ :** ਨਜ਼ਦੀਕੀ ਪਿੰਡ ਪਮਾਲ 'ਚ ਪਤੀ-ਪਤਨੀ ਵਲੋਂ ਖ਼ੁਦਕੁਸ਼ੀ ਕਰ ਲੈਣ ਦਾ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ ਅਨੁਸਾਰ ਗੁਰਮੀਤ ਸਿੰਘ (55) ਅਤੇ ਉਸ ਦੀ ਪਤਨੀ ਨਰਿੰਦਰ ਕੌਰ (48) ਨੇ ਘਰ ਵਿਚ ਇਕੱਲੇ ਹੋਣ ਦੌਰਾਨ ਜ਼ਹਿਰ ਖਾ ਕੇ ਖ਼ੁਦਕੁਸ਼ੀ ਕਰ ਲਈ। ਦੋਵੇਂ ਕਾਫੀ ਸਮੇਂ ਤੋਂ ਮਾਨਸਿਕ ਤਣਾਅ ਵਿਚ ਰਹਿ ਰਹੇ ਸਨ ਜਿਨ੍ਹਾਂ ਨੇ ਅਪਣੀ ਜ਼ਮੀਨ ਵੇਚ ਕੇ ਅਪਣੇ ਦੋ ਬੱਚਿਆਂ (ਪੁੱਤਰ ਅਤੇ ਧੀ) ਨੂੰ ਵਿਦੇਸ਼ ਭੇਜਿਆ ਸੀ ਜਿਹੜੇ ਪਿਛਲੇ 4-5 ਸਾਲਾਂ ਤੋਂ ਕੈਨੇਡਾ ਵਿਚ ਰਹਿ ਰਹੇ ਹਨ। ਉਨ੍ਹਾਂ ਦਾ ਇਕ ਪੁੱਤਰ ਸੁਖਮਿੰਦਰ ਸਿੰਘ (22) ਲੁਧਿਆਣਾ ਵਿਚ ਨੌਕਰੀ ਕਰਦਾ ਹੈ ਅਤੇ ਜਦੋਂ ਉਹ ਬੁਧਵਾਰ ਸਵੇਰੇ ਤੜਕੇ ਲਗਭਗ 3 ਵਜੇ ਘਰ ਵਾਪਸ ਆਇਆ ਤਾਂ ਉਸ ਨੇ ਮਾਪਿਆਂ ਨੂੰ ਕਈ ਵਾਰ ਫੋਨ ਕੀਤਾ ਪਰ ਕਿਸੇ ਨੇ ਨਹੀਂ ਚੁੱਕਿਆ। ਘਰ ਆ ਕੇ



ਵੇਖਿਆ ਤਾਂ ਦਰਵਾਜ਼ਾ ਖੁੱਲ੍ਹਾ ਸੀ ਅਤੇ ਦੋਵੇਂ ਬੇਹੋਸ਼ ਹਾਲਤ ਵਿਚ ਬਿਸਤਰੇ 'ਤੇ ਪਏ ਸਨ। ਮੌਕੇ ਤੋਂ ਇਕ ਸੁਸਾਈਡ ਨੋਟ ਵੀ ਮਿਲਿਆ ਹੈ ਜਿਸ ਵਿਚ ਪਤੀ-ਪਤਨੀ ਨੇ ਅਪਣੀ ਮੌਤ ਲਈ ਕਿਸੇ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ। ਉਨ੍ਹਾਂ ਲਿਖਿਆ ਕਿ ਉਹ ਅਪਣੀ ਜ਼ਿੰਦਗੀ ਤੋਂ ਦੁਖੀ ਹੋ ਕੇ ਇਹ ਕਦਮ ਚੁੱਕ ਰਹੇ ਹਨ ਅਤੇ ਕਿਸੇ ਦੋਸਤ ਜਾਂ ਰਿਸ਼ਤੇਦਾਰ ਨੂੰ ਤੰਗ ਨਾ ਕੀਤਾ ਜਾਵੇ। ਉਨ੍ਹਾਂ ਅਪਣੇ ਬੱਚਿਆਂ ਤੋਂ ਮੁਆਫ਼ੀ ਵੀ ਮੰਗੀ ਹੈ। ਪੁਲਿਸ ਵਲੋਂ ਸੁਸਾਈਡ ਨੋਟ ਕਬਜ਼ੇ ਵਿਚ ਲੈ ਕੇ ਦੋਵਾਂ ਲਾਸ਼ਾਂ ਦਾ ਪੋਸਟਮਾਰਟਮ ਕਰਵਾ ਕੇ ਪਰਿਵਾਰ ਨੂੰ ਸੌਂਪ ਦਿਤਾ ਗਿਆ ਹੈ।


## ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਜਲੰਧਰ ਧਮਾਕਾ ਮਾਮਲੇ ’ਚ ਪੁਲਿਸ ਨੇ ਦਵਿੰਦਰ ਸਿੰਘ ਨੂੰ ਕੀਤਾ ਗ੍ਰਿਫ਼ਤਾਰ

## ਮੁਲਜ਼ਮ ਕੋਲੋਂ ਹੈਂਡ ਗ੍ਰਨੇਡ ਅਤੇ IED ਬਰਾਮਦ, ਨਵਾਂਸ਼ਹਿਰ ਦੇ ਬੰਗਾ ਦਾ ਰਹਿਣ ਵਾਲਾ ਹੈ ਮੁਲਜ਼ਮ

**ਜਲੰਧਰ :** ਜਲੰਧਰ ਧਮਾਕਾ ਮਾਮਲੇ ’ਚ ਸੁਰੱਖਿਆ ਏਜੰਸੀਆਂ ਨੇ ਜਲੰਧਰ ਦੇ ਬੀ.ਐਸ.ਐਫ਼. ਚੌਕ ਨੇੜੇ ਐਕਟਿਵਾ ਬੰਬ ਧਮਾਕਿਆਂ ਦੇ ਮਾਮਲੇ ਵਿਚ ਇਕ ਸ਼ੱਕੀ ਦਵਿੰਦਰ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਹੈ। ਉਸ ਕੋਲੋਂ ਇਕ ਹੈਂਡ ਗ੍ਰਨੇਡ ਅਤੇ ਇਕ ਇੰਪ੍ਰੋਵਾਈਜ਼ਡ ਐਕਸਪਲੋਸਿਵ ਡਿਵਾਈਸ (ਆਈਈਡੀ) ਬਰਾਮਦ ਕੀਤਾ ਗਿਆ ਹੈ। ਇਹ ਗ੍ਰਿਫ਼ਤਾਰੀ ਮੁੱਖ ਮੰਤਰੀ ਭਗਵੰਤ ਮਾਨ ਦੇ ਸ਼ਹਿਰ ਵਿਚ ਪ੍ਰੋਗਰਾਮ ਦੌਰਾਨ ਹੋਈ ਹੈ । ਹਾਲਾਂਕਿ ਪੁਲਿਸ ਨੇ ਮੁਲਜ਼ਮ ਦੀ ਗ੍ਰਿਫ਼ਤਾਰੀ ਦੀ ਕੋਈ ਫੋਟੋ ਜਾਂ ਵੀਡੀਓ ਜਾਰੀ ਨਹੀਂ ਕੀਤੀ ਹੈ। ਇਹ ਦਾਅਵਾ ਮੁੱਖ ਮੰਤਰੀ ਦੇ ਜਲੰਧਰ ਦੌਰੇ ਤੋਂ ਠੀਕ ਪਹਿਲਾਂ ਆਇਆ ਹੈ। ਮੁਲਜ਼ਮ ਦੀ ਪਛਾਣ ਦਵਿੰਦਰ ਸਿੰਘ ਵਜੋਂ ਹੋਈ ਹੈ, ਜੋ ਨਵਾਂਸ਼ਹਿਰ ਦੇ ਬੰਗਾ ਦਾ ਰਹਿਣ ਵਾਲਾ ਹੈ। ਉਸ ਨੂੰ ਆਰਮੀ ਏਰੀਆ ਦੇ ਬਹੁਤ ਨੇੜੇ ਇਕ ਇਲਾਕੇ ਤੋਂ ਫੜਿਆ ਗਿਆ ਸੀ। ਜਾਂਚ ਏਜੰਸੀਆਂ ਦੇ ਅਨੁਸਾਰ ਦਵਿੰਦਰ ਪਾਕਿਸਤਾਨੀ ਖੁਫ਼ੀਆ ਏਜੰਸੀ ਆਈ.ਐਸ.ਆਈ.ਦੇ ਇਸ਼ਾਰੇ 'ਤੇ ਬੰਬ ਧਮਾਕੇ ਕਰਨ ਆਇਆ ਸੀ। ਪੁੱਛਗਿੱਛ ਦੌਰਾਨ ਉਸ ਨੇ ਕਬੂਲ ਕੀਤਾ ਕਿ ਵਿਸਫੋਟਕ ਅਤੇ ਗ੍ਰਨੇਡ ਉਸ ਨੂੰ ਡਰੋਨ ਰਾਹੀਂ ਸਪਲਾਈ ਕੀਤੇ ਗਏ ਸਨ। ਹਾਲਾਂਕਿ ਦਵਿੰਦਰ ਨੇ ਵਾਰ-ਵਾਰ ਦਾਅਵਾ ਕੀਤਾ ਹੈ ਕਿ ਉਸ ਨੂੰ ਸਿਰਫ਼ ਡਿਲੀਵਰੀ ਮਿਲੀ ਸੀ ਅਤੇ



ਉਸ ਨੂੰ ਨਿਸ਼ਾਨੇ ਬਾਰੇ ਸੂਚਿਤ ਨਹੀਂ ਕੀਤਾ ਗਿਆ ਸੀ। ਏਜੰਸੀਆਂ ਦਾ ਮੰਨਣਾ ਹੈ ਕਿ ਉਹ ਮਹੱਤਵਪੂਰਨ ਜਾਣਕਾਰੀ ਲੁਕਾ ਰਿਹਾ ਹੈ। ਜਾਂਚ ਤੋਂ ਪਤਾ ਲੱਗਾ ਹੈ ਕਿ ਉਹ ਫਰਵਰੀ ਵਿਚ ਫਗਵਾੜਾ ਬੱਸ ਸਟੈਂਡ ਨੇੜੇ ਹੋਏ ਬੰਬ ਧਮਾਕੇ ਵਿਚ ਸ਼ਾਮਿਲ ਸੀ। ਉਸਨੇ 1 ਅਪ੍ਰੈਲ ਨੂੰ ਚੰਡੀਗੜ੍ਹ ਵਿਚ ਪੰਜਾਬ ਭਾਜਪਾ ਹੈੱਡਕੁਆਰਟਰ 'ਤੇ ਸੁੱਟੇ ਗਏ ਹੱਥਗੋਲੇ ਦੀ ਸਪਲਾਈ ਵੀ ਕੀਤੀ ਸੀ। ਏਜੰਸੀਆਂ ਨੇ ਦਵਿੰਦਰ ਅਤੇ ਪੁਰਤਗਾਲ ਅਤੇ ਜਰਮਨੀ ਵਿਚ ਹੈਂਡਲਰਾਂ ਵਿਚਕਾਰ ਸੰਬੰਧ ਲੱਭੇ ਹਨ। ਪੰਜਾਬ ਪੁਲਿਸ ਨੇ ਧਮਾਕੇ ਦੇ ਸੰਬੰਧ ਵਿਚ ਦਿੱਲੀ ਵਿਚ ਇਕ ਸ਼ੱਕੀ ਨੂੰ ਘੇਰ ਲਿਆ ਹੈ।

# ਮੋਹਾਲੀ ਦੇ ਖਰੜ ਵਿਚ ED ਦੀ ਰੇਡ, 9ਵੀਂ ਮੰਜ਼ਿਲ ਤੋਂ ਸੁੱਟੇ ਨੋਟਾਂ ਨਾਲ ਭਰੇ ਬੈਗ

### ਜ਼ਮੀਨ 'ਤੇ ਨੋਟਾਂ ਦੀਆਂ ਗੱਥੀਆਂ ਪਈਆਂ ਸਨ ਖਿਲਰੀਆਂ



**ਖਰੜ।** ਮੋਹਾਲੀ ਦੇ ਖਰੜ ਵਿੱਚ ਵੈਸਟਰਨ ਟਾਵਰਜ਼ ਸੋਸਾਇਟੀ ਵਿੱਚ ਇੱਕ ਆਈਟੀ ਸੈਕਟਰ ਕਰਮਚਾਰੀ ਦੇ ਫਲੈਟ ਵਿਚ ਈਡੀ ਨੇ ਛਾਪਾ ਮਾਰਿਆ। ਟੀਮ ਨੂੰ ਆਉਂਦੇ ਦੇਖ ਕੇ, ਕਿਸੇ ਨੇ ਰਿਹਾਇਸ਼ੀ ਟਾਵਰ ਦੀ ਨੌਵੀਂ ਮੰਜ਼ਿਲ ਤੋਂ ਨਕਦੀ ਨਾਲ ਭਰੇ ਦੋ ਬੈਗ ਹੇਠਾਂ ਸੁੱਟ ਦਿੱਤੇ, ਜਿਸ ਨੂੰ ਪਹਿਲਾਂ ਤੋਂ ਹੇਠਾਂ ਖੜ੍ਹੇ ਇੱਕ ਡਰਾਈਵਰ ਨੇ ਚੁੱਕ ਲਏ। ਹਾਲਾਂਕਿ, ਟੀਮ ਨੇ ਘਟਨਾ ਨੂੰ ਦੇਖਿਆ ਅਤੇ ਬੈਗ ਲੈ ਕੇ ਭੱਜ ਰਹੇ ਡਰਾਈਵਰ ਦਾ ਪਿੱਛਾ ਕਰਕੇ ਉਸ ਨੂੰ ਫੜ ਲਿਆ, ਅਤੇ ਬੈਗ ਵਿੱਚੋਂ ਲਗਭਗ 21 ਲੱਖ ਰੁਪਏ ਨਕਦ ਬਰਾਮਦ ਹੋਏ। ਮਾਮਲੇ ਦੀ ਜਾਂਚ ਜਾਰੀ ਹੈ। ਅਧਿਕਾਰੀ ਇਸ ਸਮੇਂ ਕੋਈ ਟਿੱਪਣੀ ਕਰਨ ਤੋਂ ਗੁਰੇਜ਼ ਕਰ ਰਹੇ ਹਨ। ਪਤਾ ਲੱਗਾ ਹੈ ਕਿ ਕੇਂਦਰੀ ਏਜੰਸੀ ਦੇ ਆਉਣ ਤੋਂ ਪਹਿਲਾਂ ਹੀ ਇੱਕ ਵਿਅਕਤੀ ਨੇ ਨੌਵੀਂ ਮੰਜ਼ਿਲ ਦੇ ਫਲੈਟ ਤੋਂ ਬੈਗ ਸੁੱਟ ਦਿੱਤੇ ਸਨ। ਉਸ ਦਾ ਡਰਾਈਵਰ, ਜੋ ਹੇਠਾਂ ਖੜ੍ਹਾ ਸੀ, ਤੁਰੰਤ ਇੱਕ ਚਿੱਟੀ ਕਾਰ ਵਿੱਚ ਬੈਗ ਲੈ ਕੇ ਭੱਜ ਗਿਆ। ਮੌਕੇ 'ਤੇ ਮੌਜੂਦ ਟੀਮ ਨੇ ਤੇਜ਼ੀ ਨਾਲ ਕਾਰਵਾਈ ਕਰਦੇ ਹੋਏ ਉਸ ਦਾ ਪਿੱਛਾ ਕੀਤਾ ਅਤੇ ਉਸ ਨੂੰ ਫੜ ਲਿਆ। ਸੋਸਾਇਟੀ ਵਿਚ ਵੱਡੀ ਗਿਣਤੀ ਵਿਚ ਲੋਕ ਇਕੱਠੇ ਹੋ ਗਏ, ਜਿਸ ਨਾਲ ਇਲਾਕੇ ਵਿੱਚ ਹਫੜਾ-ਦਫੜੀ ਮਚ ਗਈ। ਸੂਚਨਾ ਮਿਲਣ 'ਤੇ ਖਰੜ ਦੇ ਡੀਐਸਪੀ ਇਸ਼ਾਂਤ ਸਿੰਗਲਾ ਦੇ ਨਿਰਦੇਸ਼ਾਂ 'ਤੇ ਸਥਾਨਕ ਪੁਲਿਸ ਨੂੰ ਮੌਕੇ 'ਤੇ ਭੇਜਿਆ ਗਿਆ। ਖਰੜ ਸਿਟੀ ਪੁਲਿਸ ਸਟੇਸ਼ਨ ਦੇ ਐਸਐਚਓ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਇੱਕ ਪੁਲਿਸ ਟੀਮ ਮੌਕੇ 'ਤੇ ਪਹੁੰਚੀ ਅਤੇ ਜਾਂਚ ਸ਼ੁਰੂ ਕਰ ਦਿੱਤੀ। ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਇਹ ਕਾਰਵਾਈ ਇੱਕ ਜਾਂਚ ਏਜੰਸੀ ਵੱਲੋਂ ਕੀਤੀ ਗਈ ਸੀ।


SHAM LAL CHANDER

ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਪੰਜਾਬ ਗੌਰਮਿੰਟ ਪੈਨਸ਼ਨਰਜ ਜੁਆਇੰਟ ਫਰੰਟ ਦਾ ਮਾਸ ਡੈਪੂਟੇਸ਼ਨ 8 ਮਈ ਨੂੰ ਮਿਲੇਗਾ ਡਾਇਰੈਕਟਰ ਪੈਨਸ਼ਨ ਵੰਡ ਖਜਾਨਾ ਤੇ ਲੇਖਾ ਨੂੰ

**ਲੁਧਿਆਣਾ 7 ਮਈ (ਕਰਨੈਲ ਸਿੰਘ ਐੱਮ.ਏ.)** ਪੰਜਾਬ ਸਰਕਾਰ ਦੁਆਰਾ ਪੈਨਸ਼ਨ ਪੋਰਟਲ ਲਾਗੂ ਹੋਣ ਕਰਕੇ ਅਤੇ ਡਿਜ਼ੀਟਲ ਲਾਈਵ ਸਰਟੀਫ਼ਿਕੇਟ ਅੱਪਡੇਟ ਨਾ ਹੋਣ ਦਾ ਬਹਾਨਾ ਲਾ ਕੇ ਪੰਜਾਬ ਦੇ ਲੱਖਾਂ ਪੈਨਸ਼ਨਰਾਂ ਦੀ ਅਪ੍ਰੈਲ ਮਹੀਨੇ ਦੀ ਪੈਨਸ਼ਨ ਅੱਜ ਤੱਕ ਨਾ ਪੈਣ ਕਰਕੇ ਪੈਨਸ਼ਨਰਾਂ ਵਿੱਚ ਭਾਰੀ ਰੋਸ ਤੇ ਗੁੱਸਾ ਹੈ, ਜੁਆਇੰਟ ਫਰੰਟ ਦੇ ਕਨਵੀਨਰਾਂ ਕਰਮ ਸਿੰਘ ਧਨੋਆ, ਡਾ: ਐਨ ਕੇ ਕਲਸੀ , ਅਵਿਨਾਸ਼ ਸ਼ਰਮਾ , ਭਜਨ ਸਿੰਘ ਗਿੱਲ ਅਤੇ ਸੁਖਵਿੰਦਰ ਸਿੰਘ ਸੈਣੀ ਨੇ ਇੱਕ ਪ੍ਰੈਸ ਬਿਆਨ ਜਾਰੀ ਕਰਕੇ ਦੱਸਿਆ ਕਿ ਪੰਜਾਬ ਸਰਕਾਰ ਨੇ ਪੈਨਸ਼ਨਰਾਂ ਨੂੰ ਵਡੇਰੀ ਉਮਰ ਹੋਣ ਕਰਕੇ ਵੀ ਮੁਆਫ਼ ਨਹੀਂ ਕੀਤਾ ਅਤੇ ਜਾਣ ਬੁੱਝ ਕੇ ਪੈਨਸ਼ਨ ਪੋਰਟਲ ਦੀਆਂ ਗੁੰਝਲਦਾਰ ਟੈਕਨੀਕਲ ਗੱਲਾਂ ਵਿੱਚ ਉਲਝਾ ਕੇ ਪੈਨਸ਼ਨਰਾਂ ਨੂੰ ਜਾਣ ਬੁੱਝ ਕੇ ਖੱਜਲ ਖੁਆਰ ਅਤੇ ਮਾਨਸਿਕ



ਪਰੇਸ਼ਾਨ ਕੀਤਾ ਜਾ ਰਿਹਾ ਹੈ। ਪੈਨਸ਼ਨਰ ਜੁਆਇੰਟ ਫਰੰਟ ਦੇ ਮੈਂਬਰਾਂ ਕੁਲਵਰਨ ਸਿੰਘ, ਸੁਖਦੇਵ ਸਿੰਘ ਪੰਨੂੰ, ਬੀ.ਐਸ ਸੈਣੀ, ਖਜ਼ਾਨ ਚੰਦ, ਧਨਵੰਤ ਸਿੰਘ ਭੱਠਲ, ਦੇਵ ਰਾਜ, ਸੁਰਿੰਦਰ ਰਾਮ ਕੁੱਸਾ, ਹਰਜੀਤ ਸਿੰਘ ਤਰਖਾਣ ਮਾਜਰਾ, ਪ੍ਰੇਮ ਚੰਦ ਸ਼ਰਮਾ ਪੰਜੋਲਾ ਅਤੇ ਨਾਹਰ ਸਿੰਘ ਨੇ *ਪੰਜਾਬ ਸਰਕਾਰ ਦੇ ਪੈਨਸ਼ਨਰ ਵਿਰੋਧੀ ਰਵੱਈਏ ਦੇ ਖ਼ਿਲਾਫ਼ 8 ਮਈ ਦਿਨ ਸ਼ੁੱਕਰਵਾਰ ਨੂੰ 11 ਵਜੇ ਵਿਤ ਤੇ ਯੋਜਨਾ ਭਵਨ ਸੈਕਟਰ 33-ਏ, ਚੰਡੀਗੜ੍ਹ ਵਿਖੇ ਡਾਇਰੈਕਟਰ ਪੈਨਸ਼ਨ ਵੰਡ ਖ਼ਜ਼ਾਨਾ ਅਤੇ ਲੇਖਾ ਨੂੰ ਮਾਸ ਡੈਪੂਟੇਸ਼ਨ ਰਾਹੀਂ ਪੈਨਸ਼ਨਾਂ ਨੂੰ ਆ ਰਹੀਆਂ ਸਮੱਸਿਆਵਾਂ ਨੂੰ ਹੱਲ ਕਰਵਾਉਣ ਲਈ ਮਿਲੇਗਾ* ਜਿਸ ਵਿੱਚ ਫਰੰਟ ਵਿੱਚ ਸ਼ਾਮਲ ਹਰੇਕ ਜਥੇਬੰਦੀ ਦੇ ਘੱਟੋ-ਘੱਟ 15 ਸਾਥੀ ਜ਼ਰੂਰ ਸ਼ਾਮਲ ਹੋਣਗੇ ਜੋ ਮੰਗ ਪੱਤਰ ਪੇਸ਼ ਕਰਕੇ ਪੈਨਸ਼ਨ ਪੋਰਟਲ ਰਾਹੀਂ ਖੱਜਲ ਖੁਆਰੀ ਬੰਦ ਕਰਨ ਅਤੇ ਪੈਨਸ਼ਨਾਂ ਹਰ ਮਹੀਨੇ ਦੀ ਆਖਰੀ ਮਿਤੀ ਤੋਂ ਪਹਿਲਾਂ ਪਾਉਣ ਦੀ ਮੰਗ ਕਰਨਗੇ।

# ਘਰੇਲੂ ਗੈਸ ਸਿਲੰਡਰਾਂ ਦੀ ਕਿੱਲਤ ਨੇ ਜਨਤਾ ਦਾ ਕੱਢਿਆ ਕਚੂਮਰ; ਰੇੜੀਆਂ 'ਤੇ ਸ਼ਰੇਆਮ ਹੋ ਰਹੀ ਦੁਰਵਰਤੋਂ, ਪ੍ਰਸ਼ਾਸਨ ਕੁੰਭਕਰਨੀ ਨੀਂਦ ਸੁੱਤਾ

**ਨਵਾਸ਼ਹਿਰ /ਕਾਠਗੜ੍ਹ , 07 ਮਈ (ਜਤਿੰਦਰ ਪਾਲ ਸਿੰਘ ਕਲੇਰ )** ਪੂਰੇ ਦੇਸ਼ ਵਿੱਚ ਇਸ ਵੇਲੇ ਘਰੇਲੂ ਗੈਸ ਸਿਲੰਡਰਾਂ ਦੀ ਭਾਰੀ ਕਿੱਲਤ ਦੇਖਣ ਨੂੰ ਮਿਲ ਰਹੀ ਹੈ, ਜਿਸ ਕਾਰਨ ਆਮ ਲੋਕਾਂ ਦੀ ਰਸੋਈ ਦਾ ਬਜਟ ਅਤੇ ਪ੍ਰਬੰਧ ਪੂਰੀ ਤਰ੍ਹਾਂ ਹਿੱਲ ਗਿਆ ਹੈ। ਇੱਕ ਪਾਸੇ ਜਿੱਥੇ ਆਮ ਨਾਗਰਿਕਾਂ ਨੂੰ ਮਹੀਨਿਆਂ ਤੱਕ ਘਰੇਲੂ ਸਿਲੰਡਰ ਨਸੀਬ ਨਹੀਂ ਹੋ ਰਹੇ, ਉੱਥੇ ਹੀ ਦੂਜੇ ਪਾਸੇ ਬਾਜ਼ਾਰਾਂ ਵਿੱਚ ਰੇੜੀਆਂ ਅਤੇ ਵਪਾਰਕ ਅਦਾਰਿਆਂ ਕੋਲ ਘਰੇਲੂ ਵਰਤੋਂ ਵਾਲੇ ਸਿਲੰਡਰ ਵੱਡੀ ਮਾਤਰਾ ਵਿੱਚ ਸ਼ਰੇਆਮ ਦਿਖਾਈ ਦੇ ਰਹੇ ਹਨ।



ਸਮਾਜ ਸੇਵਕ ਅਤੇ ਭਾਰਤੀਯ ਜਨਤਾ ਪਾਰਟੀ ਦੇ ਕਿਸਾਨ ਵਿੰਗ ਦੇ ਜਿਲ੍ਹਾ ਪ੍ਰਧਾਨ ਜਸਵੰਤ ਸਿੰਘ ਖਰਲ ਪਿੰਡ ਕੰਗਣਾ ਬੇਟ ਨੇ ਇਸ ਗੰਭੀਰ ਮੁੱਦੇ 'ਤੇ ਤਿੱਖੀ ਪ੍ਰਤੀਕਿਰਿਆ ਦਿੰਦਿਆਂ ਇਸ ਨੂੰ ਸਰਕਾਰ ਅਤੇ ਸਬੰਧਿਤ ਵਿਭਾਗਾਂ ਦੀ ਨਾਕਾਮੀ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜੇਕਰ ਸਿਲੰਡਰਾਂ ਦੀ ਸੱਚਮੁੱਚ ਘਾਟ ਹੈ, ਤਾਂ ਇਹ ਗੈਰ-ਕਾਨੂੰਨੀ ਤਰੀਕੇ ਨਾਲ ਵਪਾਰਕ ਕੰਮਾਂ ਲਈ ਕਿਵੇਂ ਮੁਹੱਈਆ ਹੋ ਰਹੇ ਹਨ? ਜਨਤਾ ਬੁਕਿੰਗ ਕਰਵਾ ਕੇ ਲੰਬਾ ਸਮਾਂ ਇੰਤਜ਼ਾਰ ਕਰ ਰਹੀ ਹੈ, ਪਰ ਸਰਕਾਰ ਕੁੰਭਕਰਨੀ ਨੀਂਦ ਸੁੱਤੀ ਪਈ ਹੈ।ਬਲਾਚੌਰ ਵਿੱਚ ਘਰੇਲੂ ਸਿਲੰਡਰਾਂ ਦੀ ਵਪਾਰਕ ਰੇੜੀਆਂ 'ਤੇ ਵਰਤੋਂ ਵੱਡੇ ਪੱਧਰ 'ਤੇ ਹੋ ਰਹੀ ਕਾਲਾਬਾਜ਼ਾਰੀ ਵੱਲ ਇਸ਼ਾਰਾ ਕਰਦੀ ਹੈ। ਹੈਰਾਨੀ ਦੀ ਗੱਲ ਹੈ ਕਿ ਸ਼ਹਿਰਾਂ ਅਤੇ ਪਿੰਡਾਂ



ਵਿੱਚ ਹੋ ਰਹੀ ਇਸ ਸ਼ਰੇਆਮ ਉਲੰਘਣਾ 'ਤੇ ਫੂਡ ਸਪਲਾਈ ਵਿਭਾਗ ਪੂਰੀ ਤਰ੍ਹਾਂ ਮੌਨ ਹੈ। ਅਜੇ ਤੱਕ ਨਾਜਾਇਜ਼ ਵਰਤੋਂ ਨੂੰ ਰੋਕਣ ਲਈ ਕੋਈ ਠੋਸ ਕਾਰਵਾਈ ਅਮਲ ਵਿੱਚ ਨਹੀਂ ਲਿਆਂਦੀ ਗਈ।ਜਸਵੰਤ ਸਿੰਘ ਨੇ ਪ੍ਰਸ਼ਾਸਨ ਨੂੰ ਸਖ਼ਤ ਚਿਤਾਵਨੀ ਦਿੱਤੀ ਹੈ ਕਿ ਜੇਕਰ ਜਲਦੀ ਹੀ ਸਿਲੰਡਰਾਂ ਦੀ ਸਪਲਾਈ ਸੁਚਾਰੂ ਨਾ ਕੀਤੀ ਗਈ ਅਤੇ ਗੈਰ-ਕਾਨੂੰਨੀ ਵਰਤੋਂ ਨੂੰ ਨਾ ਨੱਥ ਪਾਈ ਗਈ, ਤਾਂ ਆਉਣ ਵਾਲੇ ਸਮੇਂ ਵਿੱਚ ਆਮ ਲੋਕ ਸੜਕਾਂ 'ਤੇ ਉਤਰ ਕੇ ਰੋਸ ਪ੍ਰਦਰਸ਼ਨ ਕਰਨ ਲਈ ਮਜਬੂਰ ਹੋਣਗੇ।

ਇਥੇ ਹੀ ਜ਼ਿਕਰਯੋਗ ਹੈ ਕਿ ਸਟਰਿੰਗ ਆਪਰੇਸ਼ਨ ਕਰਨ ਉਪਰੰਤ ਪਤਾ ਲੱਗਿਆ ਕਿ ਬਲੈਕ ਵਿੱਚ ਸਿਲੰਡਰ ਪ੍ਰਵਾਸੀ ਲੋਕ ਜੋ ਕਿ ਰੇਹੜੀਆਂ ਲਗਾ ਕੇ ਬਲਾਚੌਰ ਵਿੱਚ ਖੜੇ ਹਨ ਉਹਨਾਂ ਕੋਲੋਂ ਹੀ ਬਲੈਕ ਵਿੱਚ ਸਿਲੰਡਰ 2000/- ਰੁਪਏ ਦਾ ਮਿਲ ਰਿਹਾ ਹੈ। ਜਦੋਂ ਕਿ ਆਮ ਜਨਤਾ ਨੂੰ ਸਿਲੰਡਰ ਮਿਲਣ ਵਿੱਚ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕੋਈ ਤਾਂ ਹੈ ਜੋ ਕਿ ਇਹਨਾਂ ਰੇਹੜੀਆਂ ਵਾਲਿਆਂ ਨੂੰ ਸਿਲੰਡਰ ਸਪਲਾਈ ਕਰ ਰਿਹਾ ਹੈ। ਪ੍ਰਸ਼ਾਸਨ ਨੂੰ ਇਸ ਵੱਲ ਜਰੂਰ ਧਿਆਨ ਦੇਣਾ ਚਾਹੀਦਾ ਹੈ।

# "ਮਾਨ ਸਰਕਾਰ ਦਾ ਮਿਸ਼ਨ ਵਿਕਾਸ": ਸੰਤੋਸ਼ ਕਟਾਰੀਆ ਨੇ ਪਿੰਡ ਚਾਹਲ ਜੱਟਾਂ ਦੇ ਵਿਕਾਸ ਕਾਰਜਾਂ ਤੋਂ ਚੁੱਕਿਆ ਪਰਦਾ

**ਨਵਾਂਸ਼ਹਿਰ /ਕਾਠਗੜ੍ਹ 7 ਮਈ( ਜਤਿੰਦਰ ਪਾਲ ਸਿੰਘ ਕਲੇਰ** )ਹਲਕਾ ਬਲਾਚੌਰ ਦੇ ਸਰਵਪੱਖੀ ਵਿਕਾਸ ਦੀ ਲੜੀ ਨੂੰ ਅੱਗੇ ਤੋਰਦਿਆਂ, ਹਲਕਾ ਵਿਧਾਇਕ ਸੰਤੋਸ਼ ਕਟਾਰੀਆ ਵੱਲੋਂ ਅੱਜ ਪਿੰਡ ਚਾਹਲ ਜੱਟਾਂ ਵਿਖੇ 22 ਲੱਖ ਰੁਪਏ ਦੀ ਲਾਗਤ ਨਾਲ ਮੁਕੰਮਲ ਹੋਏ ਵੱਖ-ਵੱਖ ਵਿਕਾਸ ਕਾਰਜਾਂ ਦਾ ਰਸਮੀ ਉਦਘਾਟਨ ਕੀਤਾ ਗਿਆ। ਇਸ ਮੌਕੇ ਪਿੰਡ ਵਾਸੀਆਂ ਵੱਲੋਂ ਵਿਧਾਇਕ ਕਟਾਰੀਆ ਦਾ ਨਿੱਘਾ ਸਵਾਗਤ ਕੀਤਾ ਗਿਆ ਅਤੇ ਫੁੱਲਾਂ ਦੇ ਹਾਰ ਪਾ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਵਿਧਾਇਕ ਸੰਤੋਸ਼ ਕਟਾਰੀਆ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਪਿੰਡਾਂ ਦੀ ਨੁਹਾਰ ਬਦਲਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਦੱਸਿਆ ਕਿ ਪਿੰਡ ਚਾਹਲ ਦੇ ਵਿਕਾਸ ਲਈ ਖਰਚੇ ਗਏ ਇਹ 22 ਲੱਖ ਰੁਪਏ ਪਿੰਡ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨਗੇ, ਜਿਸ ਵਿੱਚ ਗਲੀਆ ਨਾਲਿਆ, ਛਪੜ,ਅਤੇ ਪਾਰਕ ਦਾ ਨਿਰਮਾਣ ਅਤੇ ਹੋਰ ਸਾਂਝੇ ਕੰਮ ਸ਼ਾਮਲ ਹਨ। ਉਨ੍ਹਾਂ ਭਰੋਸਾ ਦਿੱਤਾ ਕਿ ਹਲਕੇ ਦੇ ਕਿਸੇ ਵੀ ਪਿੰਡ ਨੂੰ ਵਿਕਾਸ ਕਾਰਜਾਂ ਲਈ ਗ੍ਰਾਂਟਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ।ਸਮਾਗਮ ਵਿੱਚ ਮੌਜੂਦ ਸੀਨੀਅਰ ਆਮ ਆਦਮੀ ਪਾਰਟੀ ਆਗੂ ਸ੍ਰੀ ਅਸ਼ੋਕ ਕਟਾਰੀਆ ਨੇ ਪਿਛਲੀਆਂ ਸਰਕਾਰਾਂ 'ਤੇ ਤੰਜ ਕੱਸਦਿਆਂ ਕਿਹਾ ਕਿ ਪੁਰਾਣੀਆਂ ਪਾਰਟੀਆਂ ਨੇ ਸਿਰਫ਼ ਲਾਰਿਆਂ ਨਾਲ ਲੋਕਾਂ ਨੂੰ ਗੁਮਰ-



ਾਹ ਕੀਤਾ ਸੀ। ਉਨ੍ਹਾਂ ਕਿਹਾ"ਸਾਡੀ ਸਰਕਾਰ ਗੱਲਾਂ ਵਿੱਚ ਨਹੀਂ, ਸਗੋਂ ਧਰਾਤਲ 'ਤੇ ਕੰਮ ਕਰਨ ਵਿੱਚ ਵਿਸ਼ਵਾਸ ਰੱਖਦੀ ਹੈ। ਅੱਜ ਪਿੰਡ ਚਾਹਲ ਜੱਟਾਂ ਵਿੱਚ ਹੋਇਆ ਉਦਘਾਟਨ ਇਸ ਗੱਲ ਦਾ ਸਬੂਤ ਹੈ ਕਿ ਲੋਕਾਂ ਦਾ ਇੱਕ-ਇੱਕ ਪੈਸਾ ਪੂਰੀ ਇਮਾਨਦਾਰੀ ਨਾਲ ਉਨ੍ਹਾਂ ਦੀ ਸਹੂਲਤ ਲਈ ਖਰਚਿਆ ਜਾ ਰਿਹਾ ਹੈ। ਸਾਡਾ ਨਿਸ਼ਾਨਾ ਹਰ ਪਿੰਡ ਨੂੰ ਸ਼ਹਿਰਾਂ ਵਰਗੀਆਂ ਆਧੁਨਿਕ ਸਹੂਲਤਾਂ ਦੇਣਾ ਹੈ।"ਪਿੰਡ ਦੀ ਪੰਚਾਇਤ ਅਤੇ ਇਲਾਕੇ ਦੇ ਮੋਹਤਬਰਾਂ ਨੇ ਵਿਧਾਇਕ ਸੰਤੋਸ਼ ਕਟਾਰੀਆ ਅਤੇ ਅਸ਼ੋਕ ਕਟਾਰੀਆ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਨ੍ਹਾਂ ਵਿਕਾਸ ਕਾਰਜਾਂ ਨਾਲ ਪਿੰਡ ਦੀਆਂ ਪੁਰਾਣੀਆਂ ਮੰਗਾਂ ਪੂਰੀਆਂ ਹੋਈਆਂ ਹਨ, ਜਿਸ ਨਾਲ ਆਮ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ।ਇਸ ਮੌਕੇ ਹਰਵਿੰਦਰ ਸਿੰਘ ਸਰਪੰਚ, ਵਿਦਿਆ ਸਾਗਰ ਸਾਬਕਾ ਸਰਪੰਚ, ਮੋਹਣ ਸਿੰਘ ਸੂਬੇਦਾਰ, ਨਿਰਮਲ ਸਿੰਘ, ਦੀਪਾ ਫੌਜੀ, ਨਿਰਮਲ ਸਿੰਘ ਹਰਦੀਪ ਸਿੰਘ ਫੌਜੀ, ਭਿੰਦਾ ਪਾਰਟੀ ਦੇ ਹੋਰ ਅਹੁਦੇਦਾਰ, ਪੰਚਾਇਤ ਮੈਂਬਰ ਅਤੇ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜ਼ਰ ਸਨ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਸ਼੍ਰੋਮਣੀ ਅਕਾਲੀ ਦਲ ਦੀ ਮੀਟਿੰਗ ਗੁਰਦੀਪ ਸਿੰਘ ਲੀਲ ਦੀ ਅਗਵਾਈ ਵਿੱਚ ਹੋਈ





**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਅੱਜ ਸ਼੍ਰੋਮਣੀ ਅਕਾਲੀ ਦਲ ਦੀ ਇੱਕ ਅਹਿਮ ਮੀਟਿੰਗ ਸ਼੍ਰੋਮਣੀ ਅਕਾਲੀ ਦਲ ਬੀ ਸੀ ਵਿੰਗ ਦੇ ਸਹਿਰੀ ਪ੍ਰਧਾਨ ਗੁਰਦੀਪ ਸਿੰਘ ਲੀਲ ਦੀ ਅਗਵਾਈ 'ਚ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਸੰਦੀਪ ਸਿੰਘ ਖੋਸਾ ਵੱਲੋਂ ਪੰਚਸ਼ੀਲ ਇਨਕਲੇਵ ਫ਼ਿਰੋਜ਼ਪੁਰ ਵਿਖੇ ਕਰਵਾਈ । ਇਸ ਮੀਟਿੰਗ ਚ ਮੁੱਖ ਮਹਿਮਾਨ ਵਜੋਂ ਸ਼੍ਰੋਮਣੀ ਅਕਾਲੀ ਦਲ ਬੀ ਸੀ ਵਿੰਗ ਦੇ ਕੌਮੀ ਪ੍ਰਧਾਨ ਹੀਰਾ ਸਿੰਘ ਗਾਬੜੀਆ ਜੀ ਸ਼ਾਮਲ ਹੋਏ। ਵਿਸ਼ੇਸ਼ ਤੌਰ ਤੇ ਹਲਕਾ ਪੱਛਮੀ ਦੇ ਇੰਚਾਰਜ ਐਡਵੋਕੇਟ ਪਰਉਪਕਾਰ ਸਿੰਘ, ਸਾਬਕਾ ਸੰਸਦੀ ਸਕੱਤਰ ਬਿਕਰਮਜੀਤ ਸਿੰਘ ਖਾਲਸਾ , ਅਕਾਲੀ ਆਗੂ ਜਥੇਦਾਰ ਨਛੱਤਰ ਸਿੰਘ ਸਿੱਧੂ, ਸਾਬਕਾ ਸਰਪੰਚ ਹਰੀ ਉਮ ਸ਼ਰਮਾ ਅਤੇ ਯੂਥ ਆਗੂ ਜਸਦੀਪ ਸਿੰਘ ਕਾਉਕੇ ਸਾਮਲ ਹੋਏ । ਮੀਟਿੰਗ ਵਿੱਚ ਸਿੱਖ ਕੌਮ ਦੇ ਮਹਾਨ ਮਹਾਨ ਜਰਨੈਲ ਬਾਬਾ ਜੱਸਾ ਸਿੰਘ ਰਾਮਗੜੀਆ ਜੀ ਦੇ ਜਨਮ ਦਿਹਾੜੇ ਮਨਾਉਣ ਸੰਬੰਧੀ 10 ਮਈ ਨੂੰ ਦੁਪਹਿਰ 2 ਵਜੇ ਦਾਣਾ ਮੰਡੀ, ਗਿੱਲ ਰੋਡ, ਲੁਧਿਆਣਾ ਵਿਖੇ ਇੱਕ ਵਿਸ਼ੇਸ਼ ਸਮਾਗਮ ਕਰਵਾਇਆ ਜਾ ਰਿਹਾ ਹੈ। ਇਸ ਮੀਟਿੰਗ ਚ ਸਮੁੱਚੇ ਸਾਥੀਆਂ ਨੂੰ ਵੱਡੀ ਗਿਣਤੀ ਰੈਲੀ ਚ ਸ਼ਾਮਲ ਹੋਣ ਬੇਨਤੀ ਕੀਤੀ ਗਈ।

ਆਪ ਸਭ ਦਾ ਦਾਸ ਗੁਰਦੀਪ ਸਿੰਘ ਲੀਲ ਅਤੇ ਸੰਦੀਪ ਸਿੰਘ ਖੋਸਾ ਵੱਲੋਂ ਸਭ ਦਾ ਬਹੁਤ ਧੰਨਵਾਦ ਜੀ ।

# 10 ਲੱਖ ਮੁੱਖ ਮੰਤਰੀ ਸੇਹਤ ਬੀਮਾ ਯੋਜਨਾ ਦਾ ਕੋਈ ਫਾਇਦਾ ਨਹੀਂ ਹੋ ਰਿਹਾ -ਅਮਰੀਕ ਸਿੰਘ ਬੱਲੋਵਾਲ



**ਬੰਗਾ 7 ਮਈ( ਚਰਨਜੀਤ ਸੱਲ੍ਹਾ )** 10 ਲੱਖ ਮੁੱਖ ਮੰਤਰੀ ਸੇਹਤ ਭੀਮਾ ਯੋਜਨਾ ਦਾ ਕਾਰਡ ਤਾਂ ਬਹੁਤ ਜ਼ੋਰਾਂ ਸ਼ੋਰਾਂ ਨਾਲ ਬਣ ਰਹੇ ਹਨ ਪਰ ਇਨ੍ਹਾਂ ਕਾਰਡਾਂ ਦਾ ਫਾਇਦਾ ਨਾਂ ਹੋਣ ਦੇ ਬਰੋਬਰ ਹੈ। ਜਦੋਂ ਕੋਈ ਮਰੀਜ਼ ਬਹੁਤ ਜ਼ਿਆਦਾ ਸੀਰਸ ਹੁੰਦਾ ਹੈ ਉਸ ਟਾਇਮ ਇਹ ਕਾਰਡ ਨਹੀਂ ਚੱਲਦੇ। ਇਸ ਤਰ੍ਹਾਂ ਹੀ ਪਿੰਡ ਜੀਂਦੋਵਾਲ ਵਿੱਚ ਰਾਮ ਦਾਸ ਸਿੰਘ ਨਾਲ ਹੋਇਆ ਹੈ ਉਹ ਠੇਕੇਦਾਰ ਸੀ ਉਸ ਨਾਂ ਬਹੁਤ ਮਾੜਾ ਹੋਇਆ ਉਸ ਨਾਲ ਦੁਰਘਟਨਾ ਵਾਪਰ ਗਈ ਉਸ ਨੂੰ ਪੈਰਾਡਾਈਜ਼ ਹੋ ਗਿਆ ਹੈ। ਇਹ ਮਾੜੀ ਦੁਰਘਟਨਾ 2013 ਦੀ ਹੋਈ ਹੈ ਉਸ ਦੀ ਪਤਨੀ ਹਰਵਿੰਦਰ ਕੌਰ ਉਸ ਨੂੰ ਲੈਕੇ ਵੱਖ ਵੱਖ ਹਸਪਤਾਲਾਂ ਵਿੱਚ ਘੁੰਮ ਚੁੱਕੀ ਹੈ ਪਰ ਉਨ੍ਹਾਂ ਦਾ ਇਲਾਜ ਕੋਈ ਵੀ ਨਹੀਂ ਕਰਦਾਂ ਪਹਿਲਾਂ ਪੈਸਿਆਂ ਦੀ ਡਿਮਾਂਡ ਕਰਦੇ ਹਨ। ਉਨ੍ਹਾਂ ਨੂੰ ਸਰਕਾਰੀ ਹਸਪਤਾਲ ਬੰਗਾ ਵਿੱਚੋਂ 10 ਲੱਖ ਮੁੱਖ ਮੰਤਰੀ ਸੇਹਤ ਭੀਮਾ ਯੋਜਨਾ ਵਾਲਾਂ ਕਾਰਡ ਬਣਾਕੇ ਪੀ ਜੀ ਆਈ ਚੰਡੀਗੜ੍ਹ ਵਿਖੇ ਭੇਜ ਦਿੱਤਾ ਕਿ ਉਥੇ ਹੋ



ਜਾਵੇਗਾ ਇਸ ਦਾ ਇਲਾਜ ਇੱਕ ਪੈਸਾ ਖਰਚ ਨਹੀਂ ਆਵੇਗਾ ਪਰ ਜਦੋਂ ਕਿਸੇ ਕੋਲੋਂ ਮੱਦਦ ਲੈਕੇ ਮਰੀਜ਼ ਨੂੰ ਉਥੇ ਲੈਕੇ ਗਏ ਉਨ੍ਹਾਂ ਨੇ ਨਾਂ ਕਰ ਦਿੱਤੀ। ਇਨ੍ਹਾਂ ਦੇ ਘਰ ਦਾ ਗੁਜ਼ਾਰਾ ਬਹੁਤ ਮੁਸ਼ਕਲ ਨਾਲ ਹੁੰਦਾ ਹੈ ਰਾਮ ਦਾਸ ਸਿੰਘ ਜੀ ਦੀ ਪਤਨੀ ਦੋ ਥਾ ਪ੍ਰਈਵੇਟ ਨੌਕਰੀ ਕਰਦੀ ਹੈ ਤਾਂ ਘਰ ਦਾ ਗੁਜ਼ਾਰਾ ਚੱਲ ਰਿਹਾ ਹੈ। ਮੁੱਖ ਮੰਤਰੀ ਸੇਹਤ ਭੀਮਾ ਯੋਜਨਾ ਦੀ ਐਡਵੋਟੈਜਮੈਟ ਜਾ ਮਸ਼ਹੂਰੀ ਤਾਂ ਬਹੁਤ ਹੁੰਦੀ ਹੈ ਇਹ ਸ਼ਬਦ ਅਮਰੀਕ ਸਿੰਘ ਬੱਲੋਵਾਲ ਅਕਾਲੀ ਆਗੂ ਨੇ ਉਸ ਮਰੀਜ਼ ਦੇ ਘਰ ਪਹੁੰਚ ਕੇ ਕੀਤੇ। ਉਨ੍ਹਾਂ ਘਰ ਵਾਲਿਆਂ ਨੂੰ ਹੋਂਸਲਾ ਦਿੱਤਾ ਕਿ ਰਾਜਾ ਸਾਹਿਬ ਜੀ ਦੀ ਸੰਗਤ ਨੂੰ ਅਪੀਲ ਕਰਦਾਂ ਹਾਂ ਕਿ ਸਰਕਾਰ ਕੋਲੋਂ ਕੁਝ ਨਹੀਂ ਹੈ ਪਰ ਤੁਸੀਂ ਜਿਨ੍ਹਾ ਵੀ ਵੀਰ ਸੱਜਣ ਬਾਹਰਲੇ ਮੁਲਕ ਵਿੱਚ ਗਏ ਹੋਏ ਹਨ ਉਹ ਇਸ ਮਰੀਜ਼ ਦੀ ਮੱਦਦ ਕਰਨ ਤਾਂ ਕਿ ਉਹ ਮਰੀਜ਼ ਠੀਕ ਹੋ ਸਕੇ। ਉਨ੍ਹਾਂ ਦੇ ਨਾਲ ਸਤਨਾਮ ਸਿੰਘ ਸੀਨੀਅਰ ਅਕਾਲੀ ਆਗੂ,ਜੀਤ ਸਿੰਘ ਭਾਟੀਆ ਐਮ ਸੀ ਅਤੇ ਮਨਜਿੰਦਰ ਸਿੰਘ ਸਨ।



# ਬਸਪਾ ਵੱਲੋਂ 2027 ਵਿੱਚ ਪੰਜਾਬ ਅੰਦਰ ਆਪਣੀ ਸਰਕਾਰ ਬਣਾਉਣ ਦਾ ਹੋਕਾ, ਸ੍ਰੀ ਰਾਮ ਜੀ ਗੌਤਮ ਅਤੇ ਬਿਪਲ ਕੁਮਾਰ,ਜਲੰਧਰ ਦਫ਼ਤਰ ਵਿਖੇ ਹੋਈ ਅਹਿਮ ਮੀਟਿੰਗ

- ਮੁੱਖ ਮਹਿਮਾਨ ਸ੍ਰੀ ਰਾਮ ਜੀ ਗੌਤਮ (ਐਮ.ਪੀ.) ਅਤੇ ਵਿਸ਼ੇਸ਼ ਮਹਿਮਾਨ ਸ੍ਰੀ ਵਿਪੁਲ ਕੁਮਾਰ ਦਾ ਪੰਜਾਬ ਪਹੁੰਚਣ 'ਤੇ ਨਿੱਘਾ ਸਵਾਗਤ
- 'ਪੰਜਾਬ ਸੰਭਾਲੋ ਮੁਹਿੰਮ' ਤਹਿਤ ਸੂਬੇ ਦੇ ਅਸਲ ਮੁੱਦਿਆਂ ਨੂੰ ਲੈ ਕੇ ਜਥੇਬੰਦਕ ਢਾਂਚਾ ਕੀਤਾ ਜਾਵੇਗਾ ਮਜ਼ਬੂਤ: ਡਾਕਟਰ ਕਰੀਮਪੁਰੀ
- ਨਵੇਂ ਨਿਯੁਕਤ ਇੰਚਾਰਜਾਂ ਸ੍ਰੀ ਅਜੀਤ ਸਿੰਘ ਭੈਣੀ ਅਤੇ ਕੁਲਦੀਪ ਸਿੰਘ ਸਰਦੂਲਗੜ੍ਹ ਨੂੰ ਦਿੱਤੀ ਗਈ ਵਧਾਈ।



**ਜਲੰਧਰ:7 ਮਈ (ਚਰਨਜੀਤ ਸੱਲ੍ਹਾ )** ਅੱਜ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਜਲੰਧਰ ਸਥਿਤ ਸੂਬਾ ਦਫ਼ਤਰ ਵਿਖੇ ਇੱਕ ਅਹਿਮ ਮੀਟਿੰਗ ਹੋਈ। ਇਸ ਮੀਟਿੰਗ ਵਿੱਚ ਮੁੱਖ ਮਹਿਮਾਨ ਵਜੋਂ ਸ੍ਰੀ ਰਾਮ ਜੀ ਗੌਤਮ (ਮੈਂਬਰ ਪਾਰਲੀਮੈਂਟ ਅਤੇ ਮੁੱਖ ਸੈਕਟਰ ਪ੍ਰਭਾਰੀ) ਅਤੇ ਵਿਸ਼ੇਸ਼ ਮਹਿਮਾਨ ਵਜੋਂ ਸ੍ਰੀ ਵਿਪੁਲ ਕੁਮਾਰ (ਇੰਚਾਰਜ ਪੰਜਾਬ ਸਟੇਟ) ਸ਼ਿਰਕਤ ਕਰਨ ਪਹੁੰਚੇ। ਪਾਰਟੀ ਦੀ ਕੌਮੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਜੀ ਵੱਲੋਂ ਭੇਜੀ ਗਈ ਇਸ ਕੇਂਦਰੀ ਲੀਡਰਸ਼ਿਪ ਦਾ ਸਮੂਹ ਪੰਜਾਬੀ ਲੀਡਰਸ਼ਿਪ ਅਤੇ ਵਰਕਰਾਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ।

ਮੀਟਿੰਗ ਦੌਰਾਨ ਸੰਬੋਧਨ ਕਰਦਿਆਂ ਡਾਕਟਰ ਅਵਤਾਰ ਸਿੰਘ ਕਰੀਮਪੁਰੀ, ਸ੍ਰੀ ਰਾਮ ਜੀ ਗੌਤਮ ਅਤੇ ਸ੍ਰੀ ਵਿਪੁਲ ਕੁਮਾਰ ਨੇ ਸਾਂਝੇ ਤੌਰ 'ਤੇ ਐਲਾਨ ਕੀਤਾ ਕਿ ਬਹੁਜਨ ਸਮਾਜ ਪਾਰਟੀ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪੰਜਾਬ ਅੰਦਰ ਆਪਣੀ ਸਰਕਾਰ ਬਣਾਉਣ ਲਈ ਪੂਰੀ ਤਰ੍ਹਾਂ ਤਿਆਰ ਹੈ।

ਆਗੂਆਂ ਨੇ ਕਿਹਾ ਕਿ ਮੌਜੂਦਾ ਸਮੇਂ ਪੰਜਾਬ ਗੰਭੀਰ ਸੰਕਟਾਂ ਵਿੱਚੋਂ ਗੁਜ਼ਰ ਰਿਹਾ ਹੈ, ਜਿਸ ਲਈ 'ਪੰਜਾਬ ਸੰਭਾਲੋ ਮੁਹਿੰਮ' ਨੂੰ ਹੋਰ ਤੇਜ਼ ਕੀਤਾ ਜਾਵੇਗਾ। ਇਸ ਮੁਹਿੰਮ ਰਾਹੀਂ ਸੂਬੇ ਵਿੱਚ ਵਧ ਰਹੇ ਕਰਜ਼ੇ, ਨਸ਼ਿਆਂ ਦੇ ਕੋਹੜ, ਨੌਜਵਾਨਾਂ ਦੇ ਪ੍ਰਵਾਸ ਅਤੇ ਸਿੱਖਿਆ ਤੇ ਸਿਹਤ ਸਹੂਲਤਾਂ ਦੀ ਮਾੜੀ ਹਾਲਤ ਵਰਗੇ ਮੁੱਦਿਆਂ 'ਤੇ ਲੋਕਾਂ ਨੂੰ ਲਾਮਬੰਦ ਕੀਤਾ ਜਾਵੇਗਾ।

ਨਵੀਆਂ ਨਿਯੁਕਤੀਆਂ ਅਤੇ ਧੰਨਵਾਦ:

ਇਸ ਮੌਕੇ ਪਾਰਟੀ ਵੱਲੋਂ ਸ੍ਰੀ ਰਾਮ ਜੀ ਗੌਤਮ, ਸ੍ਰੀ ਬਿਪਲ ਕੁਮਾਰ, ਸ੍ਰੀ ਅਜੀਤ ਸਿੰਘ ਭੈਣੀ ਅਤੇ ਸ੍ਰੀ ਕੁਲਦੀਪ ਸਿੰਘ ਸਰਦੂਲਗੜ੍ਹ ਨੂੰ ਸਟੇਟ ਇੰਚਾਰਜ ਨਿਯੁਕਤ ਕੀਤੇ ਜਾਣ 'ਤੇ ਮੁਬਾਰਕਬਾਦ ਦਿੱਤੀ ਗਈ। ਸਮੂਹ ਲੀਡਰਸ਼ਿਪ ਨੇ





ਇਹਨਾਂ ਨਿਯੁਕਤੀਆਂ ਲਈ ਭੈਣ ਕੁਮਾਰੀ ਮਾਇਆਵਤੀ ਜੀ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।

ਜਥੇਬੰਦਕ ਮਜ਼ਬੂਤੀ ਦਾ ਸੰਕਲਪ:

ਮੀਟਿੰਗ ਵਿੱਚ ਫੈਸਲਾ ਲਿਆ ਗਿਆ ਕਿ ਪਿੰਡ ਪੱਧਰ ਤੱਕ ਪਾਰਟੀ ਦੇ ਜਥੇਬੰਧਕ ਢਾਂਚੇ ਨੂੰ ਮਜ਼ਬੂਤ ਕੀਤਾ ਜਾਵੇਗਾ। ਆਗੂਆਂ ਨੇ ਕਿਹਾ ਕਿ ਪੰਜਾਬ ਦੇ ਲੋਕ ਰਵਾਇਤੀ ਪਾਰਟੀਆਂ ਤੋਂ ਅੱਕ ਚੁੱਕੇ ਹਨ ਅਤੇ ਹੁਣ ਬਸਪਾ ਹੀ ਇੱਕਮਾਤਰ ਵਿਕਲਪ ਹੈ ਜੋ ਸੂਬੇ ਵਿੱਚ ਅਮਨ-ਕਾਨੂੰਨ ਦੀ ਸਥਿਤੀ ਨੂੰ ਬਹਾਲ ਕਰਕੇ ਇੱਕ ਲੋਕ-ਪੱਖੀ ਸ਼ਾਸਨ ਦੇ ਸਕਦੀ ਹੈ। ਸਮੁੱਚੀ ਲੀਡਰਸ਼ਿਪ ਨੇ ਇੱਕਜੁੱਟ ਹੋ ਕੇ 2027 ਵਿੱਚ ਨੀਲਾ ਪਰਚਮ ਲਹਿਰਾਉਣ ਦਾ ਅਹਿਦ ਲਿਆ ਮੀਟਿੰਗ ਵਿੱਚ ਡਾਕਟਰ ਨਛੱਤਰਪਾਲ ਐਮਐਲਏ ਨਵਾਂ ਸ਼ਹਿਰ, ਐਡਵੋਕੇਟ ਬਲਵਿੰਦਰ ਕੁਮਾਰ ਨੇ ਮੀਟਿੰਗ ਦਾ ਸੰਚਾਲਨ ਕੀਤਾ, ਮੀਟਿੰਗ ਦੇ ਪ੍ਰਬੰਧਾਂ ਨੂੰ ਇੰਜੀਨੀਅਰ ਜਸਵੰਤ ਰਾਏ ਅਤੇ ਪਰਮਜੀਤ ਮਲ,ਸਲਵਿੰਦਰ ਸਿੰਘ, ਦਵਿੰਦਰ ਗੋਗਾ ਅਤੇ ਹੋਰ ਲੀਡਰਸ਼ਿਪ ਨੇ ਦੇਖਿਆ।

# ਬਜ਼ੁਰਗ ਮਰੀਜ਼ਾਂ ਦੀ ਸਹੂਲਤ ਲਈ ਸਿਵਲ ਹਸਪਤਾਲ 'ਚ ਖ਼ਾਸ ਸਿਹਤ ਸੇਵਾਵਾਂ ਮੁਹਈਆ: ਡਾ. ਸਤਵਿੰਦਰਪਾਲ ਸਿੰਘ

**●ਹੁਣ ਬਜ਼ੁਰਗਾਂ ਨੂੰ ਇਲਾਜ ਕਰਵਾਉਣ ਲਈ ਲਾਈਨਾਂ 'ਚ ਖੜਨ ਦੀ ਲੋੜ ਨਹੀਂ ● ਬਜ਼ੁਰਗਾਂ ਦੇ ਟੈਸਟਾਂ ਲਈ ਕਮਰਾ ਨੰਬਰ–7 'ਚ ਕੀਤੇ ਗਏ ਵੱਖਰੇ ਪ੍ਰਬੰਧ ● ਬਜ਼ੁਰਗਾਂ ਦੀ ਮਦਦ ਲਈ ਨਰਸਿੰਗ ਵਿਦਿਆਰਥਣਾਂ ਤਾਇਨਾਤ**







**ਸ਼ਹੀਦ ਭਗਤ ਸਿੰਘ ਨਗਰ, 7 ਮਈ(ਜਤਿੰਦਰ ਪਾਲ ਸਿੰਘ ਕਲੇਰ )** ਬਜ਼ੁਰਗ ਮਰੀਜ਼ਾਂ ਨੂੰ ਸਿਵਲ ਹਸਪਤਾਲ ਵਿੱਚ ਵਧੀਆਂ ਸਿਹਤ ਸੇਵਾਵਾਂ ਮੁਹਈਆ ਕਰਵਾਉਣ ਦੇ ਮੰਤਵ ਨਾਲ, ਬਜ਼ੁਰਗ ਸਿਹਤ ਸੰਭਾਲ ਓ ਪੀ ਡੀ ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਖ਼ਾਸ ਉਪਰਾਲੇ ਬਾਰੇ ਜਾਣਕਾਰੀ ਦਿੰਦਿਆਂ ਸੀਨੀਅਰ ਮੈਡੀਕਲ ਅਫ਼ਸਰ (ਸਰਜਨ) ਡਾ. ਸਤਵਿੰਦਰਪਾਲ ਸਿੰਘ ਨੇ ਦੱਸਿਆ ਕਿ ਇਹ ਦੇਖਣ ਵਿੱਚ ਆਉਂਦਾ ਸੀ ਕਿ ਸਰਕਾਰੀ ਹਸਪਤਾਲ ਵਿੱਚ ਮਰੀਜ਼ਾਂ ਦੀ ਗਿਣਤੀ ਜਿਆਦਾ ਹੋਣ ਕਰਨ, ਬਜ਼ੁਰਗ ਮਰੀਜ਼ਾਂ ਨੂੰ ਡਾਕਟਰ ਨੂੰ ਮਿਲਣ ਅਤੇ ਟੈਸਟ ਆਦਿ ਕਰਵਾਉਣ ਲਈ ਲੰਮੀਆਂ ਲਾਈਨਾਂ ਵਿੱਚ ਖੜਨਾ ਪੈਂਦਾ ਸੀ ਅਤੇ ਕਾਫ਼ੀ ਪ੍ਰੇਸ਼ਾਨੀਆਂ ਦਾ ਵੀ ਸਾਹਮਣਾ ਕਰਨਾ ਪੈਂਦਾ ਸੀ। ਉਨ੍ਹਾਂ ਦੱਸਿਆ ਇਨ੍ਹਾਂ ਤੱਥਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਿਵਲ ਹਸਪਤਾਲ ਵਿੱਚ "ਸਾਡੇ ਬਜ਼ੁਰਗ ਸਾਡਾ ਮਾਣ" ਮੁਹਿੰਮ ਤਹਿਤ ਬਜ਼ੁਰਗ ਸਿਹਤ ਸੰਭਾਲ ਸੇਵਾ ਦੀ ਸ਼ੁਰੂਆਤ ਕੀਤੀ ਗਈ ਜਿਸ ਤਹਿਤ ਓ ਪੀ ਡੀ ਦੌਰਾਨ ਡਾਕਟਰਾਂ ਨੂੰ ਮਿਲਣ ਲਈ ਬਜ਼ੁਰਗਾਂ ਲਈ ਵੱਖਰੀ ਲਾਈਨ ਅਤੇ ਬੈਠਣ ਦਾ ਇੰਤਜ਼ਾਮ ਕੀਤਾ ਗਿਆ ਹੈ। ਜਿਸ ਲਈ ਵੱਖਰੇ ਤੌਰ ਉੱਤੇ ਨਰਸਿੰਗ ਵਿਦਿਆਰਥਣਾਂ ਦੀ ਡਿਊਟੀ ਲਗਾਈ ਗਈ ਹੈ ਕਿ ਉਹ ਬਜ਼ੁਰਗਾਂ ਨੂੰ ਗਾਈਡ ਕਰਦੇ ਹੋਏ ਆਪਣਾ ਇਲਾਜ ਕਰਵਾਉਣ ਵਿੱਚ ਪੂਰਾ ਸਹਿਯੋਗ ਦੇਣਗ ਡਾ. ਸਤਵਿੰਦਰਪਾਲ ਸਿੰਘ ਨੇ ਦੱਸਿਆ ਕਿ ਇਸ ਤੋਂ ਇਲਾਵਾ ਬਜ਼ੁਰਗ ਮਰੀਜ਼ਾਂ ਦੇ ਟੈਸਟ ਲਈ ਕਮਰਾ ਨੰਬਰ–7 ਵਿੱਚ ਖ਼ੂਨ ਦੇ ਸੈਂਪਲ ਦੇਣ ਦੇ ਵੱਖਰੇ ਤੌਰ ਉੱਤੇ ਪ੍ਰਬੰਧ ਕੀਤੇ ਗਏ ਹਨ। ਇਸ ਦੇ ਨਾਲ ਹੀ ਨਰਸਿੰਗ ਵਿਦਿਆਰਥਣਾਂ ਦੀ ਡਿਊਟੀ ਲਗਾਈ ਲਈ ਹੈ ਕਿ ਉਹ ਬਜ਼ੁਰਗ ਮਰੀਜ਼ਾਂ ਨੂੰ ਮੁਫ਼ਤ ਦਵਾਈ ਵੀ ਉਪਲੱਬਧ ਕਰਵਾਉਣ ਤਾਂ ਦਵਾਈ ਲੈਣ ਲਈ ਵੀ ਬਜ਼ੁਰਗਾਂ ਨੂੰ ਲਾਈਨ ਵਿੱਚ ਨਾ ਖੜਨਾ ਪਏ। ਇਸ ਬਾਰੇ ਆਪਣਾ ਤਜ਼ਰਬਾ ਸਾਂਝਾ ਕਰਦੇ ਹੋਏ ਸੀਨੀਅਰ ਸਿਟੀਜ਼ਨ ਦਰਸ਼ਨ ਦਰਦੀ ਨੇ ਦੱਸਿਆ ਕਿ ਇਨ੍ਹਾਂ ਬਿਹਤਰ ਸਿਹਤ ਸੇਵਾਵਾਂ ਲਈ ਇਲਾਕੇ ਦੇ ਸੀਨੀਅਰ ਸਿਟੀਜਨਾਂ ਵੱਲੋਂ ਕਾਫ਼ੀ ਪ੍ਰਸ਼ੰਸਾ ਕੀਤੀ ਜਾ ਰਹੀ ਹੈ ਕਿ ਹੁਣ ਸਿਵਲ ਹਸਪਤਾਲ ਵਿਖੇ ਪਹਿਲਾਂ ਨਾਲੋਂ ਕਿਤੇ ਵਧੀਆ ਅਤੇ ਆਸਾਨ ਢੰਗ ਨਾਲ ਉਨ੍ਹਾਂ ਨੂੰ ਸਿਹਤ ਸਹੂਲਤਾਂ ਮਿਲ ਰਹੀਆਂ ਹਨ।

# ਉਰਦੂ ਸਿਖਲਾਈ ਕੋਰਸ ਪਾਸ ਕਰਨ ਵਾਲੇ ਸਿਖਿਆਰਥੀਆਂ ਨੂੰ ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਵੰਡੇ ਸਰਟੀਫਿਕੇਟ



**ਨਵਾਂਸ਼ਹਿਰ, 7 ਮਈ(ਜਤਿੰਦਰ ਪਾਲ ਸਿੰਘ ਕਲੇਰ )** ਭਾਸ਼ਾ ਦਫ਼ਤਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਚਲਾਏ ਜਾ ਰਹੇ ਉਰਦੂ ਸਿਖਲਾਈ ਕੋਰਸ ਦੇ ਪਾਸ ਹੋਏ ਸਿਖਿਆਰਥੀਆਂ ਨੂੰ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਵੱਲੋਂ ਸਰਟੀਫ਼ਿਕੇਟ ਵੰਡੇ ਗਏ। ਇਸ ਮੌਕੇ 'ਤੇ ਉਨ੍ਹਾਂ ਦੇ ਨਾਲ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਵਨੀਤ ਕੌਰ ਪੀ.ਸੀ.ਐਸ. ਵੀ ਹਾਜ਼ਰ ਸਨ।ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਸਿਖਿਆਰਥੀਆਂ ਨੂੰ ਸਿਖਲਾਈ ਕੋਰਸ ਪੂਰਾ ਕਰਨ 'ਤੇ ਵਧਾਈ ਦਿੱਤੀ ਅਤੇ ਕਿਹਾ ਕਿ ਉਹ ਵੱਧ ਤੋਂ ਵੱਧ ਮਿਹਨਤ ਕਰਕੇ ਚੰਗਾ ਮੁਕਾਮ ਹਾਸਲ ਕਰਨ। ਇਸ ਮੌਕੇ ਪਾਸ ਹੋਏ ਛੇ ਸਿਖਿਆਰਥੀ ਮਿਸ ਸਵਰਨਜੀਤ ਕੌਰ, ਸ਼੍ਰੀਮਤੀ ਪਰਨੀਤ ਕੌਰ, ਜਤਿੰਦਰ ਕੁਮਾਰ, ਮਿਸ ਪ੍ਰਭਦੀਪ ਕੌਰ, ਮਿਸ ਸਿਮਰਜੀਤ ਕੌਰ, ਮਿਸ ਮਨਜੀਤ ਕੌਰ ਆਪਣੇ ਉਰਦੂ ਉਸਤਾਦ ਸ. ਸਨੀ ਸਿੰਘ ਨਾਲ ਹਾਜ਼ਰ ਸਨ। ਜ਼ਿਕਰਯੋਗ ਹੈ ਕਿ ਭਾਸ਼ਾ ਵਿਭਾਗ ਵੱਲੋਂ ਉਰਦੂ ਸਿਖਲਾਈ ਦੀ ਇਹ ਕਲਾਸ ਹਰ ਸਾਲ ਦੋ ਵਾਰ ਜਨਵਰੀ ਤੋਂ ਜੂਨ ਅਤੇ ਜੁਲਾਈ ਤੋਂ ਦਸੰਬਰ ਤੱਕ ਸਕੂਲ ਆਫ਼ ਐਮੀਨੈਂਸ ਨਵਾਂਸ਼ਹਿਰ ਵਿਖੇ ਕਰਵਾਇਆ ਜਾਂਦਾ ਹੈ। ਇਸ ਕੋਰਸ ਤਹਿਤ ਕਲਾਸ ਸੋਮਵਾਰ ਤੋਂ ਸ਼ੁੱਕਰਵਾਰ ਸ਼ਾਮ 5:00 ਤੋਂ 6:00 ਵਜੇ ਤੱਕ ਲਗਾਈ ਜਾਂਦੀ ਹੈ।

# ਕਣਕ ਦੀ ਨਾੜ ਨੂੰ ਅੱਗ ਨਾ ਲਗਾਉਣ ਕਿਸਾਨ- ਮੁੱਖ ਖੇਤੀਬਾੜੀ ਅਫਸਰ ਡਾ. ਲੇਖ ਰਾਜ ਮਾਹੀ



**ਨਵਾਂ ਸ਼ਹਿਰ : 7 ਮਈ (ਜਤਿੰਦਰ ਪਾਲ ਸਿੰਘ ਕਲੇਰ )** ਹਾੜ੍ਹੀ 2026 ਸੀਜਨ ਦੌਰਾਨ ਕਣਕ ਦੀ ਵਾਢੀ ਦਾ ਕੰਮ ਲਗਭਗ ਖਤਮ ਹੋ ਚੁੱਕਾ ਹੈ। ਇਸ ਦੇ ਨਾਲ ਹੀ ਡਿਪਟੀ ਕਮਿਸ਼ਨਰ ਸ਼ਹੀਦ ਭਗਤ ਸਿੰਘ ਨਗਰ ਸ਼੍ਰੀ ਗੁਲਪ੍ਰੀਤ ਸਿੰਘ ਔਲਖ ਆਈ.ਏ.ਐਸ. ਦੀ ਰਹਿਨੁਮਾਈ ਹੇਠ ਕਣਕ ਦੀ ਨਾੜ ਨੂੰ ਅੱਗ ਲੱਗਣ ਤੋਂ ਰੋਕਣ ਦੀ ਮੁਹਿੰਮ ਵੀ ਤੇਜ਼ੀ ਨਾਲ ਜਿਲ੍ਹੇ ਵਿੱਚ ਚਲਾਈ ਜਾ ਰਹੀ ਹੈ ,ਜਿਸ ਅਧੀਨ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਸ਼ਹੀਦ ਭਗਤ ਸਿੰਘ ਨਗਰ ਵੱਲ ਆਈ.ਈ.ਸੀ. ਐਕਟੀਵਿਟੀਜ਼ ਅਧੀਨ ਪਿੰਡ ਪੱਧਰੀ ਕੈਂਪ ,ਵੈਨ ਕੈਮਪੇਨਿੰਗ, ਨੁੱਕੜ ਨਾਟਕ ਆਦਿ ਕਰਵਾਏ ਜਾ ਰਹੇ ਹਨ। ਇਸ ਸਬੰਧੀ ਡਾ. ਲੇਖ ਰਾਜ ਮਾਹੀ, ਮੁੱਖ ਖੇਤੀਬੜੀ ਅਫਸਰ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਪਿੰਡ ਸੌਣਾ ਬਲਾਕ ਨਵਾਂਸ਼ਹਿਰ ਵਿਖੇ ਫੀਲਡ ਵਿਜਿਟ ਕੀਤੀ ਗਈ। ਉਹਨਾਂ ਵੱਲੋਂ ਦੱਸਿਆ ਗਿਆ ਕਿ ਜ਼ਿਲ੍ਹੇ ਵਿੱਚ ਬੇਲਰ ਮਸ਼ੀਨ ਰਾਹੀਂ ਕਣਕ ਦੀ ਨਾੜ ਦੀਆਂ ਗੰਡਾਂ ਬਣਾਈਆਂ ਜਾ ਰਹੀਆਂ ਹਨ। ਉਹਨਾਂ ਵੱਲੋਂ ਜਾਣਕਾਰੀ ਦਿੱਤੀ ਗਈ ਕਿ ਜ਼ਿਲ੍ਹੇ ਵਿੱਚ ਕੁੱਲ 129 ਬੇਲਰ ਸਬਸਿਡੀ ਤੇ ਮੁਹੱਈਆ ਕਰਵਾਏ ਗਏ ਹਨ ਅਤੇ ਇਹਨਾਂ ਮਸ਼ੀਨਾਂ ਦਾ ਇਸਤੇਮਾਲ ਕਰਕੇ ਕਿਸਾਨ ਕਣਕ ਦੀਆਂ ਗੰਡਾਂ ਬਣਵਾਉਣ ਜਾਂ ਫਿਰ ਕਣਕ ਦੀ ਨਾੜ ਦੀ ਤੂੜੀ ਬਣਾ ਕੇ ਇਸ ਨੂੰ ਵੇਚ ਸਕਦੇ ਹਨ। ਉਨਾਂ ਵੱਲੋਂ ਜਿਲੇ ਦੇ ਸਮੂਹ ਕਿਸਾਨਾਂ ਨੂੰ ਅਪੀਲ ਕੀਤੀ ਗਈ ਕਿ ਕੋਈ ਵੀ ਕਿਸਾਨ ਕਣਕ ਦੀ ਨਾੜ ਨੂੰ ਅੱਗ ਨਾ ਲਗਾਵੇ ਅਤੇ ਮਸ਼ੀਨਰੀ ਨਾਲ ਇਸ ਦੀ ਸਾਂਭ ਸੰਭਾਲ ਬਹੁਤ ਸੁਚੱਜੇ ਢੰਗ ਨਾਲ ਕੀਤੀ ਜਾ ਸਕਦੀ ਹੈ। ਉਹਨਾਂ ਵੱਲੋਂ ਦੱਸਿਆ ਗਿਆ ਕਿ ਮਾਨਯੋਗ ਚੇਅਰਪਰਸਨ ਏਅਰ ਕੁਆਲਿਟੀ ਮੈਨੇਜਮੈਂਟ ਇੰਡੈਕਸ, ਨਵੀਂ ਦਿੱਲੀ ਵੱਲੋਂ ਇਸ ਸਬੰਧੀ ਰਿਵਿਊ ਕੀਤਾ ਜਾ ਰਿਹਾ ਹੈ ਅਤੇ ਜੇਕਰ ਕੋਈ ਵੀ ਕਿਸਾਨ ਕਣਕ ਦੀ ਨਾੜ ਨੂੰ ਅੱਗ ਲਗਾਉਂਦਾ ਹੈ ਤਾਂ ਉਸ ਤੇ ਬਣਦੀ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਤੇ ਡਾ. ਕੁਲਵਿੰਦਰ ਕੌਰ ਸਹਾਇਕ ਪੌਦ ਸੁਰੱਖਿਆ ਅਫਸਰ, ਇੰਜ. ਚੰਦਨ ਸ਼ਰਮਾ ਸਹਾਇਕ ਖੇਤੀਬਾੜੀ ਇੰਜੀਨੀਅਰ ਸੰਦ, ਵਰਿੰਦਰ ਕੁਮਾਰ ਅਤੇ ਹੋਰ ਕਿਸਾਨ ਹਾਜ਼ਰ ਸਨ।



# ਸੋਸ਼ਲ ਮੀਡੀਆ ਰਾਹੀਂ ਨਸ਼ਾ ਤਸਕਰ ਗਿਰੋਹਾਂ ਦੇ ਜਾਲ 'ਚ ਫਸ ਰਹੇ ਛੋਟੀ ਉਮਰ ਦੇ ਬੱਚੇ

**ਲੈਸਟਰ (ਇੰਗਲੈਂਡ), 7 ਮਈ (ਸੁਖਜਿੰਦਰ ਸਿੰਘ ਢੱਡੇ)–** ਬ੍ਰਿਟੇਨ ਵਿਚ ਨਸ਼ਾ ਤਸਕਰੀ ਨਾਲ ਜੁੜੇ ਗਿਰੋਹਾਂ ਵੱਲੋਂ ਹੁਣ ਛੋਟੀ ਉਮਰ ਦੇ ਬੱਚਿਆਂ ਨੂੰ ਨਿਸ਼ਾਨਾ ਬਣਾਉਣ ਦੇ ਮਾਮਲੇ ਚਿੰਤਾ ਦਾ ਕਾਰਨ ਬਣਦੇ ਜਾ ਰਹੇ ਹਨ। ਇਕ ਤਾਜ਼ਾ ਜਾਂਚ ਰਿਪੋਰਟ ਵਿਚ ਖੁਲਾਸਾ ਹੋਇਆ ਹੈ ਕਿ 7 ਸਾਲ ਤੱਕ ਦੇ ਬੱਚਿਆਂ ਨੂੰ ਸੋਸ਼ਲ ਮੀਡੀਆ, ਆਨਲਾਈਨ ਖੇਡਾਂ ਅਤੇ ਮੋਬਾਈਲ ਐਪਾਂ ਰਾਹੀਂ ਫਸਾ ਕੇ ਨਸ਼ਾ ਪਹੁੰਚਾਉਣ ਅਤੇ ਹੋਰ ਗੈਰਕਾਨੂੰਨੀ ਕੰਮਾਂ ਲਈ ਵਰਤਿਆ ਜਾ ਰਿਹਾ ਹੈ। ਸਿੱਖਿਆ ਮਾਹਿਰਾਂ, ਸਮਾਜ ਸੇਵਕਾਂ ਅਤੇ ਪੁਲਿਸ ਅਧਿਕਾਰੀਆਂ ਨੇ ਇਸ ਰੁਝਾਨ ਨੂੰ ਬਹੁਤ ਖ਼ਤਰਨਾਕ ਦੱਸਿਆ ਹੈ। ਇੰਗਲੈਂਡ ਦੇ ਸਮਰਸੈਟ ਇਲਾਕੇ ਦੇ ਬ੍ਰਿਜਵਾਟਰ ਸ਼ਹਿਰ ਵਿਚ ਸਕੂਲਾਂ ਨੂੰ ਇਸ ਵਧ ਰਹੇ ਖ਼ਤਰੇ ਕਾਰਨ ਵਿਸ਼ੇਸ਼ ਜਾਗਰੂਕਤਾ ਕਲਾਸਾਂ ਲਗਾਉਣੀਆਂ ਪਈਆਂ ਹਨ। ਇਕ ਸਕੂਲ ਵਿਚ ਬੱਚਿਆਂ ਨੂੰ ਇਹ ਦਿਖਾਇਆ ਗਿਆ ਕਿ ਕਿਸ ਤਰ੍ਹਾਂ ਚਾਕਲੇਟ ਵਾਲੇ ਅੰਡਿਆਂ, ਖਿਡੌਣਿਆਂ ਅਤੇ ਹੋਰ ਆਮ ਵਰਤੋਂ ਵਾਲੀਆਂ ਚੀਜ਼ਾਂ ਵਿਚ ਨਸ਼ੀਲੇ ਪਦਾਰਥ ਲੁਕਾ ਕੇ ਇਕ ਥਾਂ ਤੋਂ ਦੂਜੀ ਥਾਂ ਭੇਜੇ ਜਾਂਦੇ ਹਨ। ਸਕੂਲ ਮੁਖੀ ਨੇ ਦੱਸਿਆ ਕਿ ਪਹਿਲਾਂ ਇਹ ਸਮੱਸਿਆ ਵੱਡੀ ਉਮਰ ਦੇ ਬੱਚਿਆਂ ਤੱਕ ਸੀਮਿਤ ਮੰਨੀ ਜਾਂਦੀ ਸੀ, ਪਰ ਹੁਣ 5 ਤੋਂ 7 ਸਾਲ ਦੀ ਉਮਰ ਦੇ ਬੱਚੇ ਵੀ ਇਸ ਜਾਲ ਵਿਚ ਫਸ ਰਹੇ ਹਨ। ਕਈ ਬੱਚਿਆਂ ਨੂੰ ਤਾਂ ਇਹ ਤੱਕ ਪਤਾ ਨਹੀਂ ਹੁੰਦਾ ਕਿ ਉਹ ਗੈਰਕਾਨੂੰਨੀ ਕੰਮ ਕਰ ਰਹੇ ਹਨ। ਇਸ ਮਾਮਲੇ ਵਿਚ ਸਭ ਤੋਂ ਵੱਡੀ ਚਿੰਤਾ ਇਹ ਹੈ ਕਿ ਗਿਰੋਹ ਬੱਚਿਆਂ ਨੂੰ "ਆਸਾਨ ਪੈਸਾ" ਕਮਾਉਣ ਦਾ ਲਾਲਚ ਦੇ ਕੇ ਆਪਣੇ ਨਾਲ ਜੋੜਦੇ ਹਨ। ਬੱਚਿਆਂ ਨੂੰ ਪਹਿਲਾਂ ਛੋਟੇ-ਮੋਟੇ ਕੰਮ ਦਿੱਤੇ ਜਾਂਦੇ ਹਨ ਅਤੇ ਬਾਅਦ ਵਿਚ ਹੌਲੀ-ਹੌਲੀ ਨਸ਼ਾ ਪਹੁੰਚਾਉਣ, ਸੁਨੇਹੇ ਲਿਜਾਣ ਜਾਂ ਹੋਰ ਖ਼ਤਰਨਾਕ ਕੰਮਾਂ ਵਿਚ ਧੱਕ ਦਿੱਤਾ ਜਾਂਦਾ ਹੈ। ਨਸ਼ਾ ਗਿਰੋਹਾਂ ਦੇ ਚੰਗਲ ਤੋਂ ਬਚੇ ਇਕ ਨੌਜਵਾਨ ਨੇ ਦੱਸਿਆ ਕਿ ਉਸ ਨੂੰ 9 ਸਾਲ ਦੀ ਉਮਰ ਵਿਚ ਹੀ ਇਸ ਧੰਦੇ ਵਿਚ ਫਸਾ ਲਿਆ ਗਿਆ ਸੀ। ਉਸ ਨੇ ਕਿਹਾ ਕਿ ਬੱਚਿਆਂ ਨੂੰ ਹੌਲੀ-ਹੌਲੀ ਗਿਰੋਹਾਂ ਦੇ ਕਾਬੂ ਹੇਠ ਲਿਆਂਦਾ ਜਾਂਦਾ ਹੈ ਅਤੇ ਉਨ੍ਹਾਂ ਨੂੰ "ਛੋਟੇ ਸਿਪਾਹੀਆਂ" ਵਾਂਗ ਵਰਤਿਆ ਜਾਂਦਾ ਹੈ। ਉਸ ਦੇ ਅਨੁਸਾਰ ਬੱਚਿਆਂ ਨੂੰ ਨਸ਼ਿਆਂ ਦੀ ਪਛਾਣ ਰੰਗਾਂ ਰਾਹੀਂ ਕਰਵਾਈ ਜਾਂਦੀ ਸੀ ਤਾਂ ਜੋ ਉਹ ਆਸਾਨੀ ਨਾਲ ਇਹ ਸਮਝ ਸਕਣ ਕਿ ਕਿਹੜਾ ਪਦਾਰਥ ਕਿਹੜਾ ਹੈ। ਉਸ ਨੇ ਇਹ ਵੀ ਦੱਸਿਆ ਕਿ ਬਚਪਨ ਵਿਚ ਹੀ ਉਸ ਨੂੰ ਹਿੰਸਾ, ਧਮਕੀਆਂ ਅਤੇ ਹਥਿਆਰਾਂ ਨਾਲ ਜਾਣੂ ਕਰਵਾ ਦਿੱਤਾ ਗਿਆ ਸੀ। ਸਮਾਜ ਸੇਵਕਾਂ ਅਤੇ ਬੱਚਿਆਂ ਦੀ ਸੁਰੱਖਿਆ ਲਈ ਕੰਮ ਕਰਨ ਵਾਲੀਆਂ ਸੰਸਥਾਵਾਂ ਅਨੁਸਾਰ ਸੋਸ਼ਲ ਮੀਡੀਆ ਇਸ ਸਮੱਸਿਆ ਨੂੰ ਹੋਰ ਵਧਾ ਰਹੀ ਹੈ। Snapchat, TikTok ਅਤੇ Roblox ਵਰਗੇ ਮੰਚਾਂ ਰਾਹੀਂ ਗਿਰੋਹ ਬੱਚਿਆਂ ਤੱਕ ਪਹੁੰਚ ਬਣਾਉਂਦੇ ਹਨ। "ਝਟ ਪੈਸਾ ਕਮਾਓ" ਜਾਂ ਸ਼ਾਨੋ-ਸ਼ੌਕਤ ਵਾਲੀ ਜ਼ਿੰਦਗੀ ਦਿਖਾਉਣ ਵਾਲੀਆਂ ਵੀਡੀਓਆਂ ਰਾਹੀਂ ਬੱਚਿਆਂ ਨੂੰ ਪ੍ਰਭਾਵਿਤ ਕੀਤਾ ਜਾਂਦਾ ਹੈ। ਕੁਝ ਐਪਾਂ ਵਿਚ ਮੌਜੂਦ ਥਾਂ ਦੱਸਣ ਵਾਲੀਆਂ ਸਹੂਲਤਾਂ ਕਾਰਨ ਗਿਰੋਹਾਂ ਲਈ ਬੱਚਿਆਂ ਤੱਕ ਪਹੁੰਚਣਾ ਹੋਰ ਵੀ ਆਸਾਨ ਹੋ ਗਿਆ ਹੈ। ਬੱਚਿਆਂ ਨਾਲ ਕੰਮ ਕਰਨ ਵਾਲੇ ਮਾਹਿਰਾਂ ਨੇ ਚੇਤਾਵਨੀ ਦਿੱਤੀ ਹੈ ਕਿ ਨਸ਼ਾ ਤਸਕਰ ਗਿਰੋਹ ਹੁਣ ਸਕੂਲਾਂ ਦੇ ਬਾਹਰ ਹੀ ਨਹੀਂ, ਸਗੋਂ ਮੋਬਾਈਲ ਫੋਨਾਂ ਅਤੇ ਆਨਲਾਈਨ ਖੇਡਾਂ ਰਾਹੀਂ ਵੀ ਬੱਚਿਆਂ ਤੱਕ ਪਹੁੰਚ ਰਹੇ ਹਨ। ਉਹ ਪਹਿਲਾਂ ਦੋਸਤੀ ਬਣਾਉਂਦੇ ਹਨ, ਫਿਰ ਤੋਹਫ਼ੇ ਜਾਂ ਪੈਸੇ ਦੇ ਕੇ ਬੱਚਿਆਂ ਨੂੰ ਆਪਣੇ ਪ੍ਰਭਾਵ ਹੇਠ ਲਿਆਉਂਦੇ ਹਨ। ਪੁਲਿਸ ਅਧਿਕਾਰੀਆਂ ਨੇ ਕਿਹਾ ਹੈ ਕਿ ਇਸ ਸਮੱਸਿਆ ਨੂੰ ਰੋਕਣ ਲਈ ਵਿਸ਼ੇਸ਼ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ। ਹਾਲੀਆ ਕਾਰਵਾਈ ਦੌਰਾਨ ਹਜ਼ਾਰਾਂ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ ਅਤੇ ਸੈਂਕੜੇ ਬੱਚਿਆਂ ਨੂੰ ਸੁਰੱਖਿਆ ਹੇਠ ਲਿਆ ਗਿਆ। ਪੁਲਿਸ ਨੇ ਮਾਪਿਆਂ ਨੂੰ ਵੀ ਚੌਕਸ ਰਹਿਣ ਦੀ ਅਪੀਲ ਕੀਤੀ ਹੈ। ਮਾਹਿਰਾਂ ਅਨੁਸਾਰ ਜੇ ਬੱਚਿਆਂ ਕੋਲ ਅਚਾਨਕ ਵੱਧ ਪੈਸੇ ਆਉਣ, ਕਈ ਮੋਬਾਈਲ ਫੋਨ ਹੋਣ, ਜਾਂ ਉਹ ਘਰੋਂ ਬਿਨਾਂ ਦੱਸੇ ਲੰਮੇ ਸਮੇਂ ਲਈ ਗਾਇਬ ਰਹਿਣ, ਤਾਂ ਇਹ ਚਿੰਤਾ ਵਾਲੀ ਗੱਲ ਹੋ ਸਕਦੀ ਹੈ। ਸਮਾਜ ਸੇਵਕਾਂ ਨੇ ਕਿਹਾ ਹੈ ਕਿ ਇਸ ਵਧਦੇ ਖ਼ਤਰੇ ਨਾਲ ਨਜਿੱਠਣ ਲਈ ਸਿਰਫ਼ ਪੁਲਿਸ ਕਾਰਵਾਈ ਹੀ ਨਹੀਂ, ਸਗੋਂ ਸਕੂਲਾਂ, ਮਾਪਿਆਂ ਅਤੇ ਸਮਾਜਕ ਸੰਸਥਾਵਾਂ ਨੂੰ ਵੀ ਇਕੱਠੇ ਹੋ ਕੇ ਕੰਮ ਕਰਨਾ ਪਵੇਗਾ ਤਾਂ ਜੋ ਬੱਚਿਆਂ ਨੂੰ ਇਸ ਜਾਲ ਵਿਚ ਫਸਣ ਤੋਂ ਬਚਾਇਆ ਜਾ ਸਕੇ।

# ਤਿੰਨ ਰੋਜ਼ਾ ਮੁਫ਼ਤ ਐਕਿਊਪੰਕਚਰ ਅਤੇ ਹੋਮਿਓਪੈਥੀ ਕੈਂਪ ਅੱਜ ਤੋਂ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਡਾ: ਕੋਟਨਿਸ ਐਕਿਊਪੰਕਚਰ ਚੈਰੀਟੇਬਲ ਹਸਪਤਾਲ ਵੱਲੋਂ ਅੰਤਰਰਾਸ਼ਟਰੀ ਮਹਾਨ ਭਾਰਤੀ ਚਿਕਿਤਸਕ ਅਤੇ ਭਾਰਤ ਵਿੱਚ ਐਕਿਊਪੰਕਚਰ ਦੇ ਸੰਸਥਾਪਕ ਡਾ: ਵਿਜੈ ਕੁਮਾਰ ਬਸੂ ਨੂੰ ਸਮਰਪਿਤ ਤਿੰਨ ਰੋਜ਼ਾ ਫ੍ਰੀ ਐਕਿਊਪੰਕਚਰ ਅਤੇ ਹੋਮਿਓਪੈਥੀ ਕੈਂਪ ਦਾ ਆਯੋਜਨ 8, 9 ਅਤੇ 10 ਮਈ ਨੂੰ ਸਵੇਰੇ 10 ਵਜੇ ਤੋਂ ਦੁਪਹਿਰ 2 ਵਜੇ ਤੱਕ ਕੀਤਾ ਜਾ ਰਿਹਾ ਹੈ। ਕੈਂਪ ਦਾ ਆਯੋਜਨ ਅਰੋੜਾ ਮਾਰਕੀਟਿੰਗ, ਨੇੜੇ ਬਿੱਟੂ ਨਰਿੰਦਰ ਕੌਂਸਲਰ ਆਫਿਸ, ਸਿਵਲ ਸਿਟੀ, ਮੇਨ ਰੋਡ, ਚੰਦਨ ਨਗਰ, ਲੁਧਿਆਣਾ ਵਿੱਚ ਕੀਤਾ ਜਾਵੇਗਾ। ਇਸ ਕੈਂਪ ਦਾ ਉਦਘਾਟਨ ਚੌਧਰੀ ਮਦਨ ਲਾਲ ਬੱਗਾ ਜੀ, ਐਮ.ਐਲ.ਏ, ਲੁਧਿਆਣਾ ਉੱਤਰੀ ਵੱਲੋਂ ਕੀਤਾ ਜਾਵੇਗਾ। ਇਸ ਕੈਂਪ ਵਿੱਚ ਸ਼੍ਰੀ ਨਰਿੰਦਰ ਭਾਰਦਵਾਜ ਜੀ, ਪਾਰਸ਼ਦ ਅਤੇ ਸ਼੍ਰੀ ਰਾਜਕੁਮਾਰ



ਸ਼ਰਮਾ ਜੀ ਡੰਡੀ ਸਵਾਮੀ ਵਾਲੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਨਗੇ। ਇਸ ਮੌਕੇ ਡਾ: ਇੰਦਰਜੀਤ ਸਿੰਘ (ਡਾਇਰੈਕਟਰ ਡਾ: ਕੋਟਨਿਸ ਹਸਪਤਾਲ), ਹੋਮਿਓਪੈਥਿਕ ਵਿਸ਼ੇਸ਼ਗਿਆ ਡਾ: ਅਜੈ ਪਾਲ ਸਿੰਘ ਅਤੇ ਸੀਨੀਅਰ ਚਿਕਿਤਸਕ ਡਾ: ਰਘੁਵੀਰ ਸਿੰਘ (ਐਕਿਊਪੰਕਚਰਿਸਟ) ਅਤੇ ਡਾ: ਬਲਜਿੰਦਰ ਸਿੰਘ ਆਪਣੀਆਂ ਵਿਸ਼ੇਸ਼ਗਿਆ ਸੇਵਾਵਾਂ ਪ੍ਰਦਾਨ ਕਰਨਗੇ। ਕੈਂਪ ਵਿੱਚ ਬਿਨਾਂ ਦਵਾ, ਬਿਨਾਂ ਸਰਜਰੀ ਅਤੇ ਬਿਨਾਂ ਦਰਦ ਦੀ ਐਕਿਊਪੰਕਚਰ ਇਲਾਜ ਪੱਧਤੀ ਰਾਹੀਂ ਡਾਇਬਟੀਜ਼ (ਸ਼ੂਗਰ) ਨਾਲ ਸੰਬੰਧਿਤ ਸਮੱਸਿਆਵਾਂ, ਨਸਾਂ ਵਿੱਚ ਖਿੱਚਾਵ, ਨਿਊਰੋਪੈਥੀ, ਅੱਖਾਂ ਦੀ ਕਮਜ਼ੋਰੀ, ਕਮਰ ਦਰਦ, ਸਰਵਾਇਕਲ, ਸਪੌਂਡਿਲਾਈਟਿਸ, ਡਿਸਕ ਪ੍ਰੋਲੈਪਸ, ਜੋੜਾਂ ਅਤੇ ਘੁੱਟਣਾਂ ਦਾ ਦਰਦ, ਮਾਈਗ੍ਰੇਨ, ਅਨੀਂਦਰਾ, ਮਾਨਸਿਕ ਤਣਾਅ, ਲਕਵਾ, ਅਧਰੰਗ, ਪੁਰਾਣਾ ਜ਼ੁਕਾਮ, ਸਪੋਰਟਸ ਇੰਜਰੀ ਅਤੇ ਨਸ਼ਾ ਮੁਕਤੀ ਵਰਗੀਆਂ ਵੱਖ-ਵੱਖ ਬਿਮਾਰੀਆਂ ਦਾ ਇਲਾਜ ਕੀਤਾ ਜਾਵੇਗਾ। ਇਸ ਦੇ ਨਾਲ ਹੀ ਹੋਮਿਓਪੈਥਿਕ ਚਿਕਿਤਸਾ ਪੱਧਤੀ ਦੇ ਅਧੀਨ ਐਲਰਜੀ, ਚਮੜੀ ਰੋਗ, ਬੱਚਿਆਂ ਦੀਆਂ ਆਮ ਬਿਮਾਰੀਆਂ, ਪਚਣ ਸੰਬੰਧੀ ਸਮੱਸਿਆਵਾਂ, ਅਸਥਮਾ, ਸਾਈਨਸ, ਥਾਇਰਾਇਡ, ਜੋੜਾਂ ਦਾ ਦਰਦ ਅਤੇ ਪੁਰਾਣੀਆਂ ਬਿਮਾਰੀਆਂ ਲਈ ਵਿਸ਼ੇਸ਼ ਸਲਾਹ ਅਤੇ ਨਿਸ਼ੁਲਕ ਜਾਂਚ ਸਹੂਲਤ ਉਪਲਬਧ ਰਹੇਗੀ। ਹਸਪਤਾਲ ਪ੍ਰਬੰਧਨ ਨੇ ਆਮ ਜਨਤਾ ਨੂੰ ਇਸ ਨਿਸ਼ੁਲਕ ਮੈਡੀਕਲ ਕੈਂਪ ਦਾ ਵੱਧ ਤੋਂ ਵੱਧ ਲਾਭ ਉਠਾਉਣ ਦੀ ਅਪੀਲ ਕੀਤੀ ਹੈ।

# ਗੁਰਾਇਆ ਵਿੱਚ ਅੱਜ ਦੂਜੇ ਦਿਨ ਵੀ ਸਫਾਈ ਦਾ ਕੰਮ ਠੱਪ

## ਕੱਚੇ ਕਾਮੇ ਪੱਕੇ ਕਰਨ, ਘਟੋਂ ਘੱਟ ਉਜਰਤ 40 ਹਜਾਰ ਕਰਨ ਸਮੇਤ ਪੁਰਾਣੀ ਪੈਨਸ਼ਲ ਬਹਾਲ ਕਰਨ ਤੱਕ ਸੰਘਰਸ਼ ਜਾਰੀ ਰਹੇਗਾ–ਰਜੇਸ਼ ਕੁਮਾਰ ਲੱਕੀ

**ਗੁਰਾਇਆ 7 ਮਈ( ਹਰਜਿੰਦਰ ਸਿੰਘ ਚੰਦੀ)** ਐਕਸ਼ਨ ਕਮੇਟੀ ਦੇ ਸੱਦੇ ਤੇ ਮਿਉਸਿਪਲ ਮੁਲਾਜ਼ਮ ਤੇ ਸਫਾਈ ਸੇਵਕਾ ਨੇ ਸ਼ਹਿਰ ਵਿੱਚ ਸਫਾਈ ਦਾ ਕੰਮ ਛੱਡ ਕੇ ਅੱਜ ਦੂਜੇ ਦਿਨ ਵੀ ਮੁਕੰਮਲ ਹੜਤਾਲ ਰੱਖੀ ਸਫਾਈ ਮਜ਼ਦੂਰਾਂ ਗੁਰਾਇਆ ਦੇ ਆਗੂ ਮਨਦੀਪ ਕੁਮਾਰ ਨੇ ਕਿਹਾ ਕਿ ਅੱਜ ਨਗਰ ਪੰਚਾਇਤ ਗੁਰਾਇਆ ਦਾ ਕੰਮ ਪੂਰੀ ਤਰ੍ਹਾਂ ਠੱਪ ਰਿਹਾ। ਨਗਰ ਪੰਚਾਇਤ ਦੇ ਦਫਤਰ ਦੇ ਅੱਗੇ ਕੀਤੀ ਗਈ ਰੈਲੀ ਨੂੰ ਸੰਬੋਧਨ ਕਰਨ ਵਾਲਿਆਂ ਵਿੱਚ ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ, ਕਿਰਤੀ ਕਿਸਾਨ ਯੂਨੀਅਨ ਦੇ ਸੰਤੋਖ ਸਿੰਘ ਸੰਧੂ, ਪੇਂਡੂ ਸਫਾਈ ਕਰਮਚਾਰੀ ਯੂਨੀਅਨ ਦੇ ਸੂਬਾਈ ਆਗੂ ਪ੍ਰੇਮ ਸਰਸਰ ਸਥਾਨਕ ਸਫਾਈ ਆਗੂ ਰਜੇਸ਼ ਕੁਮਾਰ ਲੱਕੀ ਨੇ ਹੜਤਾਲ ਤੇ ਬੈਠੇ ਕਾਮਿਆਂ ਨੂੰ ਸੰਬੋਧਨ ਕੀਤਾ। ਇਸ ਮੌਕੇ ਪੇਂਡੂ ਮਜ਼ਦੂਰ ਇਹ ਸੂਬਾ ਪ੍ਰਧਾਨ ਤਰਸੇਮ ਪੀਟਰ ਨੇ ਕਿਹਾ ਕਿ ਹੜਤਾਲ ਕਿਰਤੀਆਂ ਦਾ ਸ਼ੌਕ ਨਹੀਂ ਮਜ਼ਬੂਰੀ ਹੈ! ਕਿਉਕਿ 90% ਮੁਲ-ਜਮ ਕੱਚਾ ਹੈ ਇਹ ਸਫਾਈ ਕਾਮਾ ਮਾਤਰ 10 ਹਜਾਰ ਨਿਗੁਣੀ ਤਨਖਾਹ ਤੇ ਗੁਜ਼ਾਰਾ ਕਰ ਰਿਹਾ ਹੈ।ਮਹਿੰਗਾਈ



ਕਰਨ ਘਰਾਂ ਦਾ ਗੁਜ਼ਾਰਾ ਬੜੀ ਮੁਸ਼ਕਲ ਨਾਲ ਚੱਲਦਾ ਹੈ। ਆਊਟਸੋਰਸਿੰਗ ਤੇ ਰੱਖੇ ਪੜੇ ਲਿਖੇ ਅਤੇ ਟੈਕਨੀਕਲ ਮੁਲਾਜ਼ਮਾਂ ਨੂੰ ਉਨਾਂ ਦੀ ਯੋਗਤਾ ਤੋਂ ਕਿਤੇ ਘੱਟ ਤਨਖਾਹ ਦਿੱਤੀ ਜਾ ਰਹੀ ਹੈ।ਅੱਜ ਤੋਂ ਲਗਭਗ ਸਾਢੇ 4 ਸਾਲ ਪਹਿਲਾਂ ਸੱਤਾ ਵਿਚ ਆਉਣ ਵਾਲੀ ਮਾਨ ਸਰਕਾਰ ਇਹਨਾਂ ਹੀ ਸਫ਼ਾਈ ਸੇਵਕਾ ਤੇ ਮਊਨਸੀਪਲ ਕੰਮਿਆ ਦਾ ਝਾੜੂ ਵਾਲਾ ਨਿਸ਼ਾਨ ਲੈ ਕੇ ਵੋਟਾਂ ਮੰਗ ਕੇ ਸੱਤਾ ਵਿਚ ਆਈ ਸੀ।ਉਸ ਵੇਲੇ ਮਾਨਯੋਗ ਮੁੱਖ ਮੰਤਰੀ ਵੱਲੋਂ ਕਿਹਾ ਸੀ ਕੇ ਸਾਡੀ ਸਰਕਾਰ ਵਿਚ ਕਿਸੇ ਨੂੰ ਵੀ ਧਰਨੇ , ਪ੍ਰਦਰਸ਼ਨ ਕਰਨ ਦੀ ਲੋੜ ਨਹੀਂ ਪਵੇਗੀ,ਪਰ ਹੋਇਆ ਇਸ ਦੇ ਉਲਟ! ਆਗੂਆਂ ਕਿਹਾ ਕਿ ਕੱਚੇ ਕਾਮੇ ਬਿਨਾਂ ਸ਼ਰਤ ਪੱਕੇ ਕੀਤੇ ਜਾਣ, ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇ, ਤਨਖਾਹਾਂ ਸਮੇਂ ਸਿਰ ਤੇ ਸਰਕਾਰੀ ਖ਼ਜ਼ਾਨੇ ਵਿੱਚੋਂ ਦਿੱਤੀਆਂ ਜਾਣ, ਘਟੋਂ ਘੱਟ ਉਜਰਤ 40000 ਪ੍ਰਤੀ ਮਹੀਨਾ ਕੀਤੀ ਜਾਵੇ, ਆਊਟਸੋਰਸਿੰਗ ਸਿਸਟਮ ਪੂਰੀ ਤਰ੍ਹਾਂ ਬੰਦ ਕੀਤਾ ਜਾਵੇ, ਕੱਚੇ ਮੁਲਾਜ਼ਮ ਦੀ ਮੌਤ ਹੋਣ ਤੇ ਉਸਦੇ ਪਰਿਵਾਰ ਨੂੰ ਨੌਕਰੀ ਦਿੱਤੀ ਜਾਵੇ!ਉਹਨਾਂ ਕਿਹਾ ਕੇ ਪੰਜਾਬ ਸਰਕਾਰ ਲੰਬੇ ਸਮੇ ਤੋਂ ਲਾਰੇ ਲਾ ਰਹੀ ਹੈ! ਮੀਟਿੰਗ ਦੇ ਕੇ ਮੰਗਾਂ ਮੰਨਣ ਤੋਂ ਸਰਕਾਰ ਦੌੜ ਰਹੀ ਹੈ ਇਸ ਲਈ ਹੁਣ ਆਰ ਪਾਰ ਦੇ ਸੰਘਰਸ਼ ਦੀ ਅਸੀਂ ਤਿਆਰੀ ਕਰਕੇ ਹੜਤਾਲ ਤੇ ਬੈਠੇ ਹਾਂ ।ਇਸ ਮੌਕੇ ਰਾਮ ਲਾਲ, ਰਜਿੰਦਰ ਕੁਮਾਰ, ਬੰਟੀ, ਅਸ਼ੋਕ ਕੁਮਾਰ। ਆਦੀ ਨੇ ਵੀ ਆਪਣੇ ਵਿਚਾਰ ਰੱਖੇ।

# ਡਾਕਟਰ ਬੀ ਆਰ ਅੰਬੇਡਕਰ ਜੀ ਦਾ 135ਵਾਂ ਜਨਮ ਦਿਵਸ ਅਤੇ ਬੁੱਧ ਪੂਰਨਿਮਾ ਮਨਾਇਆ

## ਸਮਾਜ ਦੇ ਦੱਬੇ ਕੁਚਲੇ ਲੋਕਾਂ ਨੂੰ ਉੱਪਰ ਚੁੱਕਣ ਲਈ ਪਾਇਆ ਯੋਗਦਾਨ ਹੀ ਸੱਚੀ ਸ਼ਰਧਾਂਜਲੀ – ਪੈਂਥਰ

**ਕਪੂਰਥਲਾ, 7 ਮਈ (ਕੌੜਾ )**- ਨੇਵਾਡਾ ਅਮਰੀਕਾ ਵਿੱਚ ਰਹਿ ਰਹੇ ਅੰਬੇਡਕਰੀ ਪਰਿਵਾਰਾਂ ਵੱਲੋਂ ਵਿਸ਼ਵ ਰਤਨ, ਸਿੰਬਲ ਆਫ ਨਾਲੇਜ਼, ਯੁੱਗ ਪੁਰਸ਼ ਅਤੇ ਕਰੋੜਾਂ ਲੋਕਾਂ ਦੇ ਮੁਕਤੀਦਾਤਾ ਬਾਬਾ ਸਾਹਿਬ ਡਾਕਟਰ ਬੀ ਆਰ ਅੰਬੇਡਕਰ ਜੀ ਦਾ 135ਵਾਂ ਜਨਮ ਦਿਵਸ ਅਤੇ ਬੁੱਧ ਪੂਰਨਿਮਾ ਅਰਿਸਟੋਟਲ ਦੇ ਨਿਵਾਸ ਸਥਾਨ ਵਿਖੇ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਈ ਗਈ । ਤਸਵੀਰਾਂ ਨੂੰ ਫੁੱਲ ਮਾਲਾ ਅਰਪਿਤ ਕਰਨ ਉਪਰੰਤ ਕੈਂਡਲ ਦੀ ਰਸਮ ਹਰਜਿੰਦਰ ਸਿੰਘ ਬੀਕਾ ਅਤੇ ਭਗਤ ਰਾਮ ਲੱਧੜ ਨੇ ਮੋਮਬੱਤੀਆਂ ਜਗਾ ਕੇ ਸਮਾਗਮ ਦੀ ਸ਼ੁਰੂਆਤ ਕੀਤੀ ।

ਇਸ ਮੌਕੇ ਤੇ ਵਧਾਈ ਦਿੰਦਿਆਂ ਭਗਤ ਰਾਮ ਲੱਧੜ ਨੇ ਕਿਹਾ ਕਿ ਅੱਜ ਅਸੀਂ ਉਸ ਮਹਾਨ ਰਹਿਬਰ ਨੂੰ ਯਾਦ ਕਰ ਰਹੇ ਹਾਂ। ਜਿਨ੍ਹਾਂ ਨੂੰ ਅਮਰੀਕਾ ਦੀ ਕੋਲੰਬੀਆਂ ਯੂਨੀਵਰਸਿਟੀ ਨੇ ਅਕਾਦਮਿਕ ਪ੍ਰਾਪਤੀਆਂ ਅਤੇ ਗਿਆਨ ਦੇ ਖੇਤਰ ਵਿੱਚ ਪਾਏ ਗਏ ਯੋਗਦਾਨ ਨੂੰ ਮਾਨਤਾ ਦਿੰਦੇ ਹੋਏ ਉਨ੍ਹਾਂ ਨੂੰ 'ਸਿੰਬਲ ਆਫ ਨਾਲੇਜ' ਦਾ ਖ਼ਿਤਾਬ ਦਿੱਤਾ ਹੈ ਅਤੇ ਯੂਨੀਵਰਸਿਟੀ ਦੀ ਲਾਇਬ੍ਰੇਰੀ ਵਿੱਚ ਡਾ. ਅੰਬੇਡਕਰ ਜੀ ਦਾ ਬੁੱਤ ਵੀ ਸਥਾਪਿਤ ਹੈ। ਬਾਬਾ ਸਾਹਿਬ ਨੂੰ 1952 ਵਿੱਚ ਕੋਲੰਬੀਆ ਯੂਨੀਵਰਸਿਟੀ ਦੁਆਰਾ ਐੱਲ ਐੱਲ ਡੀ ਆਨਰੇਰੀ ਡਾਕਟਰੇਟ ਡਿਗਰੀ ਦੇ ਕੇ ਸਨਮਾਨਿਤ ਵੀ ਕੀਤਾ ਸੀ।



ਮਿਸ਼ਨਰੀ ਅਤੇ ਸਮਾਜਸੇਵੀ ਧਰਮ ਪਾਲ ਪੈਂਥਰ ਨੇ ਦੱਸਿਆ ਕਿ ਪੂਰੇ ਵਿਸ਼ਵ ਵਿੱਚ ਦੋ ਮਾਹਾਂਪੁਰਸ਼ ਬਾਬਾ ਸਾਹਿਬ ਡਾਕਟਰ ਬੀ ਆਰ ਅੰਬੇਡਕਰ, ਪੰਚਸ਼ੀਲ ਦਾ ਸਿਧਾਂਤ ਦੇਣ ਵਾਲੇ ਅਤੇ ਕਰੁਣਾ ਦੇ ਸਾਗਰ ਤਥਾਗਤ ਬੁੱਧ ਜੀ ਨੂੰ ਯਾਦ ਕੀਤਾ ਜਾਂਦਾ ਹੈ । ਦੋਨਾਂ ਮਾਹਾਂਪੁਰਸ਼ਾਂ ਨੇ ਸਮਾਜ ਵਿੱਚ ਸਮਾਨਤਾ, ਸੁਤੰਤਰਤਾ, ਨਿਆਂ ਅਤੇ ਭਾਈਚਾਰੇ ਦੀ ਸਥਾਪਨਾ ਲਈ ਜ਼ਿੰਦਗੀ ਦਾ ਇੱਕ ਇੱਕ ਪਲ ਲਗਾਇਆ । ਬਾਬਾ ਸਾਹਿਬ ਜੀ ਦਾ ਆਖ਼ਰੀ ਸੰਦੇਸ਼ ਬਹੁਜਨ ਸਮਾਜ ਦੇ ਲੋਕਾਂ ਨੂੰ ਬੁੱਧ ਧੱਮ ਦੀ ਸ਼ਰਨ ਵਿੱਚ ਜਾ ਕੇ ਸੱਤਾ ਪ੍ਰਾਪਤ ਕਰਨ ਲਈ ਕਿਹਾ ਸੀ। ਧੰਨ ਧੰਨ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੇ ਪਰਾਧੀਨਤਾ ਦਾ ਅੰਤ ਕਰਨ ਲਈ ਜਿਸ ਬੇਗਮਪੁਰਾ ਰਾਜ ਦੀ ਗੱਲ ਕੀਤੀ ਸੀ ਉਸ ਨੂੰ ਭਾਰਤੀ ਸੰਵਿਧਾਨ ਦਾ ਨਿਰਮਾਣ ਕਰਕੇ ਬਾਬਾ ਸਾਹਿਬ ਨੇ ਅਮਲੀ ਜਾਮਾ ਪਹਿਨਾਇਆ ਹੈ । ਬਾਬਾ ਸਾਹਿਬ ਨੇ ਦੇਸ਼ ਦੇ ਵਿਕਾਸ ਵਿੱਚ ਬਹੁਤ ਵੱਡਾ ਯੋਗਦਾਨ ਪਾਇਆ ਪਰ ਬੇਈਮਾਨ ਹਾਕਮਾਂ ਨੇ ਇਸ ਨੂੰ ਛੁਪਾਉਣ ਵਿੱਚ ਕੋਈ ਕਸਰ ਨਹੀਂ ਛੱਡੀ ਪਰ ਫਿਰ ਵੀ ਸਾਰੀ ਦੁਨੀਆਂ ਵਿੱਚ ਉਹਨਾਂ ਦਾ ਸ਼ਖ਼ਸੀਅਤ ਸੂਰਜ ਦੀ ਤਰ੍ਹਾਂ ਚਮਕਾ ਮਾਰ ਰਹੀ ਹੈ । ਬਾਬਾ ਸਾਹਿਬ ਜੀ ਨੂੰ ਜਿਨ੍ਹਾਂ ਮਾਣ ਸਤਿਕਾਰ ਵਿਦੇਸ਼ਾਂ ਦਿੱਤਾ ਜਾ ਰਿਹਾ ਪਰ ਸਾਡੇ ਦੇਸ਼ ਦੀਆਂ ਮਨੂੰਵਾਦੀ ਸਰਕਾਰਾਂ ਨੇ ਨਹੀਂ ਦਿੱਤ। ਅੱਜ ਵੀ ਉਨ੍ਹਾਂ ਨੂੰ ਸਿਰਫ਼ ਇੱਕ ਫਿਰਕੇ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ ।

ਪੈਂਥਰ ਨੇ ਕਿਹਾ ਕਿ ਸਿਰਫ਼ ਨਾਅਰਿਆਂ ਨਾਲ ਬਾਬਾ ਸਾਹਿਬ ਦਾ ਮਿਸ਼ਨ ਪੂਰਾ ਨਹੀਂ ਹੋਣਾ ਸਾਨੂੰ ਉਹਨਾਂ ਦੇ ਵਿਚਾਰਾਂ ਨੂੰ ਸਮਝ ਕੇ ਪ੍ਰਚਾਰ ਪ੍ਰਸਾਰ ਵਿੱਚ ਹਿੱਸਾ ਪਾਉਣਾ ਹੋਵੇਗਾ । ਅੰਤ ਵਿੱਚ ਉਹਨਾਂ ਕਿਹਾ ਕਿ ਬਾਬਾ ਸਾਹਿਬ ਨੂੰ ਸੱਚੀ ਸ਼ਰਧਾਂਜਲੀ ਇਹੋ ਹੀ ਹੋਵੇਗੀ ਕਿ ਆਪਣੀ ਕਮਾਈ ਵਿੱਚੋਂ ਵੀਹਵਾਂ ਹਿੱਸਾ ਕੱਢਕੇ ਸਮਾਜ ਦੇ ਦੱਬੇ ਕੁਚਲੇ ਲੋਕਾਂ ਨੂੰ ਉੱਪਰ ਚੁੱਕਣ ਲਈ ਯੋਗਦਾਨ ਪਾਈਏ ।

ਡਾਕਟਰ ਸੁਭਾਸ਼ ਬੱਧਣ ਨੇ ਕਿਹਾ ਕਿ ਜੇਕਰ ਸਮਾਜ ਨੂੰ ਉੱਨਤੀ ਦੇ ਮਾਰਗ 'ਤੇ ਲੈ ਕੇ ਜਾਣਾ ਹੈ ਤਾਂ ਬਾਬਾ ਸਾਹਿਬ ਜੀ ਦੇ ਤਿੰਨ ਮੂਲ ਮੰਤਰ ਸਿੱਖਿਅਤ ਹੋਵੋ, ਸੰਘਰਸ਼ ਕਰੋ ਅਤੇ ਸੰਗਠਿਤ ਰਹੋ 'ਤੇ ਪਹਿਰਾ ਦੇਣਾ ਪਵੇਗਾ ।

ਪੂਨਮ ਲੱਧੜ ਨੇ ਸਾਰਿਆਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਜੇ ਅਸੀਂ ਵਿਦੇਸ਼ਾਂ ਵਿੱਚ ਰਹਿ ਕੇ ਵਧੀਆ ਜ਼ਿੰਦਗੀ ਬਤੀਤ ਕਰ ਰਹੇ ਹਾਂ ਤਾਂ ਇਹ ਬਾਬਾ ਸਾਹਿਬ ਦੀ ਬਦੌਲਤ ਹੈ । ਇਸ ਮੌਕੇ 'ਤੇ ਜਸਵੀਰ ਕੌਰ ਸੰਧੂ, ਨਿਰਮਲਾ ਬੱਧਣ, ਪਾਲ ਕੌਰ, ਕਸ਼ਮੀਰ ਕੌਰ, ਨਾਮੀਸ਼ਾ ਚੁੰਬਰ ਅਤੇ ਕਬੀਰ ਚੁੰਬਰ ਆਦਿ ਨੇ ਸਮਾਗਮ ਨੂੰ ਸਫ਼ਲ ਬਣਾਉਣ ਲਈ ਅਹਿਮ ਭੂਮਿਕਾ ਨਿਭਾਈ ।

# ਪੰਜਾਬ ਨੂੰ ਕਾਲੇ ਦਿਨਾਂ ਵੱਲ ਧੱਕਣਾ ਚਾਹੁੰਦੀ ਹੈ ਆਮ ਆਦਮੀ ਪਾਰਟੀ : ਸੰਜੀਵ ਤਲਵਾੜ

**ਹੁਸ਼ਿਆਰਪੁਰ 7 ਮਈ ( ਤਰਸੇਮ ਦੀਵਾਨਾ )** - ਪੰਜਾਬ ਨੇ ਪਹਿਲਾਂ ਵੀ ਬਹੁਤ ਸੰਤਾਪ ਭੋਗਿਆ ਹੈ, ਜਿਸ ਦੇ ਜ਼ਖ਼ਮਾਂ ਤੋਂ ਅੱਜ ਤੱਕ ਕਈ ਪਰਿਵਾਰ ਮਾਨਸਿਕ ਤੌਰ 'ਤੇ ਉਭਰ ਨਹੀਂ ਸਕੇ। ਪਰ ਸੱਤਾ ਦੀ ਲਾਲਚ ਵਿੱਚ ਆਮ ਆਦਮੀ ਪਾਰਟੀ ਦੁਬ-ਾਰਾ ਪੰਜਾਬ ਨੂੰ ਕਾਲੇ ਦਿਨਾਂ ਵੱਲ ਧੱਕਣਾ ਚਾਹੁੰਦੀ ਹੈ, ਜਿਸ ਨੂੰ ਪੰਜਾਬੀ ਕਦੇ ਵੀ ਕਾਮਯਾਬ ਨਹੀਂ ਹੋਣ ਦੇਣਗੇ। ਇਹ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਹੁਸ਼ਿਆਰਪੁਰ ਦੇ ਹਲਕਾ ਇੰਚਾਰਜ ਸੰਜੀਵ ਤਲਵਾੜ ਨੇ ਅੱਜ ਸਰਕਲ ਜਹਾਨ ਖੇਲਾਂ ਦੇ ਪ੍ਰਧਾਨ ਜਗਤਾਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਬੈਠਕ ਨੂੰ ਸੰਬੋਧਨ ਕਰਦਿਆਂ ਕੀਤਾ। ਸੰਜੀਵ ਤਲਵਾੜ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ, ਜੋ ਕਿ ਗ੍ਰਹਿ ਮੰਤਰੀ ਵੀ ਹਨ, ਅਤੇ ਪੰਜਾਬ ਪੁਲਿਸ ਦੇ ਡੀਜੀਪੀ ਵੱਲੋਂ ਬੰਬ ਧਮਾਕਿਆਂ ਸੰਬੰਧੀ ਦਿੱਤੇ ਗਏ ਵੱਖ-ਵੱਖ ਬਿਆਨ ਪੰਜਾਬੀਆਂ ਨੂੰ ਸੋਚਣ ਲਈ ਮਜਬੂਰ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਜਿਸ ਸਰਕਾਰ ਅਤੇ ਪ੍ਰਸ਼ਾਸਨ ਵਿਚ ਆਪਸੀ ਤਾਲਮੇਲ ਹੀ ਨਹੀਂ, ਉਹ ਲੋਕਾਂ ਨੂੰ ਸੁਰੱਖਿਆ ਕਿਵੇਂ ਪ੍ਰਦਾਨ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਸਾਰੇ ਵਰਕਰ ਪੰਜਾਬ ਦੀ ਅਮਨ-ਸ਼ਾਂਤੀ ਅਤੇ ਭਾਈਚਾਰੇ ਦੀ ਸਾਂਝ ਨੂੰ ਕਾਇਮ ਰੱਖਣ ਲਈ ਪੂਰਾ ਯਤਨ ਕਰਨਗੇ।



ਇਸ ਮੌਕੇ ਸਰਕਲ ਜਥੇਦਾਰ ਜਗਤਾਰ ਸਿੰਘ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਹਰ ਬੂਥ 'ਤੇ ਸ਼੍ਰੋਮਣੀ ਅਕਾਲੀ ਦਲ ਦੀ 10 ਮੈਂਬਰੀ ਕਮੇਟੀ ਗਠਿਤ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਦੁਆਬਾ ਖੇਤਰ ਸ਼੍ਰੋਮਣੀ ਅਕਾਲੀ ਦਲ ਦੇ ਹੱਕ ਵਿੱਚ ਪੂਰਾ ਯੋਗਦਾਨ ਦੇਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੋਹਿੰਦਰ ਸਿੰਘ, ਹਰਜੀਤ ਸਿੰਘ, ਕੈਪਟਨ ਮਲਕੀਤ ਸਿੰਘ, ਦਿਲਬਾਗ ਸਿੰਘ, ਗੁਰਮੁਖ ਸਿੰਘ, ਰਵੀ, ਸਤਨਾਮ ਸਿੰਘ, ਬਲਬੀਰ ਸਿੰਘ, ਰਾਜੀਵ ਅਤੇ ਸੰਤੋਖ ਸਿੰਘ ਓਜਲਾ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

**ਫੋਟੋ ਅਜਮੇਰ ਦੀਵਾਨਾ**

# ਜਨਗਣਨਾ ਫਾਰਮਾਂ ਵਿੱਚ ਦਲਿਤ ਵਰਗਾਂ ਲਈ ਅਪਮਾਨਜਨਕ ਸ਼ਬਦਾਵਲੀ ਬਰਦਾਸ਼ਤ ਨਹੀਂ – ਗੋਲਡੀ ਪੁਰਖਾਲੀ

**ਰੂਪਨਗਰ 7 ਮਈ( ਚਰਨਜੀਤ ਸੱਲ੍ਹਾ )** ਜਨਗਣਨਾ ਦੇ ਸਰਕਾਰੀ ਫਾਰਮਾਂ ਵਿੱਚ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਲਈ ਵਰਤੀ ਗਈ ਅਪਮਾਨਜਨਕ ਸ਼ਬਦਾਵਲੀ ਬਹੁਤ ਹੀ ਨਿੰਦਣਯੋਗ ਹੈ। ਇਸ ਤਰ੍ਹਾਂ ਦੀ ਭਾਸ਼ਾ ਸੰਵਿਧਾਨ ਦੀ ਭਾਵਨਾ ਅਤੇ ਸਮਾਜਿਕ ਸਮਾਨਤਾ ਦੇ ਸਿਧਾਂਤਾਂ ਦੇ ਖਿਲਾਫ ਹੈ। ਜਿਨ੍ਹਾਂ ਅਧਿਕਾਰੀਆਂ ਵੱਲੋਂ ਇਹ ਸ਼ਬਦਾਵਲੀ ਵਰਤੀ ਗਈ ਹੈ, ਉਨ੍ਹਾਂ ਖਿਲਾਫ ਤੁਰੰਤ



ਐਸ ਸੀ/ਐਸ ਟੀ ਐਕਟ ਅਧੀਨ ਪਰਚਾ ਦਰਜ ਕਰਕੇ ਸਖ਼ਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਗੋਲਡੀ ਪਰਖਾਲੀ ਸਾਬਕਾ ਜ਼ਿਲ੍ਹਾ ਪ੍ਰਧਾਨ ਬਹੁਜਨ ਸਮਾਜ ਪਾਰਟੀ ਨੇ ਕਿਹਾ ਕਿ ਦਲਿਤ ਅਤੇ ਪਛੜੇ ਵਰਗਾਂ ਦੀ ਇੱਜ਼ਤ ਨਾਲ ਖਿਲਵਾੜ ਕਿਸੇ ਵੀ ਕੀਮਤ ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਤੁਰੰਤ ਇਸ ਮਾਮਲੇ ਦਾ ਸੰਜੋਗ ਲੈ ਕੇ ਦੋਸ਼ੀਆਂ ਖਿਲਾਫ ਕਾਨੂੰਨੀ ਕਾਰਵਾਈ ਕਰਨੀ ਚਾਹੀਦੀ ਹੈ ਤਾਂ ਜੋ ਭਵਿੱਖ ਵਿੱਚ ਕੋਈ ਵੀ ਅਧਿਕਾਰੀ ਇਸ ਤਰ੍ਹਾਂ ਦੀ ਗਲਤੀ ਕਰਨ ਦੀ ਹਿੰਮਤ ਨਾ ਕਰੇ।

## ਰੂਹ ਦਾ ਰੱਜ

ਕਦੋਂ  ਡੰਡਾਂ ਪਾਣੀ ਪੀਂਦੀਆਂ ਨੇ ,
ਇਹ ਪਤਾ ਕੀ ਹੈ ਝਾਵਿਆਂ ਨੂੰ ।
ਕੋਈ ਵਿਰਲਾ ਹੀ ਹੱਥ ਪਾ ਸਕਦੈ,
ਹਾਕਮ ਦਿਆਂ ਗਲਾਵਿਆਂ ਨੂੰ।
ਤਨ ਦੀ ਭੁੱਖ ਤਾਂ ਭਾਵੇਂ ਹਰ ਕੋਈ
ਪੂਰੀ ਕਰ ਲੈਂਦਾ ਹੈ 'ਰੁਲਦੂ' ;
ਪਰ ਮਨ ਦੀ ਸੰਤੁਸ਼ਟੀ ਹੈ ਹੁੰਦੀ,
ਬੰਦੇ ਵਿਰਲੇ  ਟਾਵਿਆਂ ਨੂੰ ।



ਮੂਲ ਚੰਦ ਸ਼ਰਮਾ ਪ੍ਰਧਾਨ ,
ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ
ਸੰਗਰੂਰ 19914836037

## ਮਨੁੱਖਤਾ ਦੀ ਰਾਹ


ਜਿਨ੍ਹੇ ਹੱਥਾਂ 'ਚ ਸਾਰੀ ਦੁਨੀਆਂ ਹੈ,
ਉਸ ਨੂੰ ਸਭਨੇ ਖ਼ੁਦਾ ਹੀ ਮੰਨਿਆ ਹੈ।
ਗੱਲ ਕਰੋ ਮਿੱਠੀ ਸਦਾ ਹੀ ਸਭ ਦੇ ਨਾਲ,
ਉੱਗਦਾ ਸੂਰਜ ਵੀ ਸ਼ਾਮ ਨੂੰ ਢਲਿਆ ਹੈ।
ਓਹ ਵੀ ਤਾਂ ਕਿਸੇ ਦਾ ਪੁੱਤਰ ਹੈ,
ਜੋ ਹਥੇਲੀ 'ਤੇ ਰੱਖ ਕੇ ਚੱਲਿਆ ਹੈ।
ਉਸ ਨੂੰ ਰੱਬ ਵੀ ਬਚਾ ਨਹੀਂ ਸਕਦਾ,
ਵੇਖ ਦੂਜੇ ਨੂੰ ਜਿਹੜਾ ਸੜਿਆ ਹੈ।
ਗ਼ਮ ਕੋਈ ਪਾਲੀ ਨਾ ਜਿਗਰ ਦੇ ਅੰਦਰ,
ਉਸਦਾ ਹਰ ਕੰਮ ਫਿਰ ਅੜਿਆ ਹੈ।
ਨਸੀਬ ਉਸਦਾ ਚਮਕਦਾ ਸੂਰਜ ਵਾਂਗ,
ਦੂਜੇ ਦੀ ਮਦਦ ਲਈ ਜੋ ਖੜ੍ਹਿਆ ਹੈ।
ਜ਼ਿੰਦਗੀ ਨਦੀ ਵਾਂਗ ਵਹਿੰਦੀ ਹੈ,
ਉਸਦਾ ਪਾਣੀ ਕਦੇ ਨਾ ਖੜ੍ਹਿਆ ਹੈ।
ਉਸਦੇ ਬੇਹਤਰ ਨਤੀਜੇ ਵੇਖੇ ਨੇ,
ਬੱਦਲ ਖੇਤ 'ਚ ਜਿਹੜਾ ਵਰ੍ਹਿਆ ਹੈ।
ਤੇਰੀ ਨਜ਼ਰਾਂ 'ਚ ਵੇਖ ਸਕਦਾ ਹਾਂ,
ਮੈਨੂੰ ਤੂੰ ਕਿੰਨਾ ਦਿਲ 'ਚ ਰੱਖਿਆ ਹੈ।
ਯਾਦ ਕਰ ਕੌਮ ਦੇ ਸ਼ਹੀਦਾਂ ਨੂੰ,
ਜਿਨ੍ਹਾਂ ਸਿਰ ਆਰਿਆਂ 'ਤੇ ਧਰਿਆ ਹੈ।
ਵੇਖ ਕੇ ਜਿਸ ਨੂੰ ਸਕੂਨ ਮਿਲਦਾ ਹੈ,
ਕਿੰਨਾ ਸੋਹਣਾ ਓ "ਕਮਲ" ਦਰਿਆ ਹੈ।



ਕਮਲ (ਜਲੰਧਰ)
9464252911

## ਬਦਲਦੇ ਲਿਬਾਸ

ਖਰੀਦਣ ਲੋਕ  ਜਦੋਂ  ਮੁੱਲ ਦਾ ਪਾਠ,
ਸਮਝ ਦਾ ਨਾ  ਫਿਰ  ਹੋਵੇ  ਵਿਕਾਸ ।
ਅਰਥਾਂ ਦੀ ਜਦ ਤੱਕ ਸਮਝ ਨਾ ਆਊ,
ਜ਼ਿੰਦਗੀ  ਕਦੇ  ਨਹੀਂ  ਆਉਣੀ ਰਾਸ ।
ਅਰਦਾਸਾਂ ਕਰ ਕਰ ਸਭ ਕੁੱਝ ਭਾਲਣ,
ਕਿਰਤ ਕਰਨ ਦੀ  ਨਾ  ਰੱਖਣ ਆਸ ।
ਸੁੱਖਣਾ ਸੁੱਖ ਸੁੱਖ  ਝੂਠੇ  ਲਾਰੇ ਮਿਲਦੇ,
ਰਹਿੰਦੀ  ਮਨ ਵਿੱਚ  ਝੂਠੀ  ਧਰਵਾਸ ।
ਆਮ ਲੋਕਾਂ ਦੀ  ਨਾ  ਪੁੱਛ ਗਿੱਛ  ਹੋਵੇ,
ਅੱਗੇ ਆ ਆ ਕੇ  ਬਹਿੰਦੇ  ਬੰਦੇ ਖਾਸ ।
ਰੱਬ ਘਰ ਜਿੰਨੀ ਨਾ  ਆਮਦਨ ਕਿਤੇ,
ਕਰ ਕਰਕੇ ਦੇਖ ਲਵੋ  ਬੇਸ਼ੱਕ ਪ੍ਰਵਾਸ ।
ਬਾਹਲੀ ਸ਼ਕਤੀ ਵਾਲਾ ਰੱਬ  ਹੈ ਸਾਡਾ,
ਔਖੇ  ਲੈਂਦੇ  ਫਿਰ ਵੀ  ਭਗਤ ਸਵਾਸ ।
ਪੁਜਾਰੀ ਮਾਣ'ਚ ਧੌਣ  ਅਕੜਾ ਰੱਖਦੇ,
ਲੋਕਾਂ ਅੱਗੇ ਕਹਾਵਣ  ਖੁਦ ਨੂੰ  ਦਾਸ ।
ਜੀਵ ਹੱਤਿਆ  ਦੀ ਹੈ  ਮਨਾਹੀ  ਇਥੇ,
ਰੱਤ ਨਿਚੋੜ ਖਾਣ ਮਜ਼ਬੂਰਾਂ ਦਾ ਮਾਸ ।
ਦਿਨੇਂ ਰੰਗ ਬਿਰੰਗੇ ਚੋਲੇ  ਪਾਈ ਫਿਰਦੇ,
ਰਾਤੀਂ ਖੜ੍ਹਕਣ ਮਹਿਖਾਨੇ ਵਿੱਚ ਗਲਾਸ ।
ਸਿੱਧੀ ਉਂਗਲੀ ਨਾਲ  ਘਿਓ ਨਾ ਨਿੱਕਲੇ,
ਕਰਦੇ ਗੱਲੇ ਵੈਕਊਮ ਜਾਂ ਪਾਉਣ ਪਲਾਸ ।
ਪੈਸਾ ਹੀ  ਹੁਣ ਤਾਂ  ਸਭ ਕੁੱਝ  ਹੋ ਗਿਆ,
ਖੋਹੀ ਫਿਰਨ  ਇਸ ਪਿੱਛੇ  ਹੋਸ਼ ਹਵਾਸ ।
ਧਮਕੀ ਦਿੰਦੇ ਕਹਿੰਦੇ ਚੁੱਪ ਕਰ ਬਹਿ ਜਾ,
ਨਹੀਂ ਤਾਂ ਹੋ ਜਊਗਾ  ਤੇਰਾ ਕੰਮ ਖਲਾਸ ।
ਸਿਆਣੀ ਜੇ  ਕੋਈ ਗੱਲ  ਕਹਿ ਦੇਵੇ ਤਾਂ,
ਕਹਿੰਦੇ ਐਵੇਂ  ਕਰੀ ਜਾਂਦਾ ਹੈ ਬਕਵਾਸ ।
ਧਾਰਮਿਕ ਥਾਵਾਂ ਤੇ  ਨਾ ਸ਼ਾਂਤੀ ਦਿਸਦੀ,
ਲੜ ਲੜ ਆਪਸ ਵਿੱਚ ਕੱਢਣ ਭੜਾਸ ।
ਹੱਥ ਜੋੜ ਜੋੜ  ਹਾਲਤ ਪਤਲੀ ਪੈ ਗਈ,
ਕਈ ਤਾਂ ਅੱਕ ਕੇ ਪੀਣ ਲੱਗੇ ਸਲਫ਼ਾਸ ।
ਮਨ ਨੀਵਾਂ ਮੱਤ ਉੱਚੀ ਕਿੱਥੇ ਰਹਿ ਗਈ,
ਸੋਚ ਤਰਕਸ਼ੀਲ ਹੋਇਆ ਫਿਰੇ ਉਦਾਸ ।
ਖੁਰਦਪੁਰੀਆ  ਲੋਕੀਂ ਮਨ ਮੈਲ ਨਾ ਧੋਂਦੇ,
ਅਵਤਾਰ ਬਦਲਦੇ ਰਹਿੰਦੇ ਨਿੱਤ ਲਿਬਾਸ ।



ਅਵਤਾਰ ਤਰਕਸ਼ੀਲ ਨਿਊਜ਼ੀਲੈਂਡ
ਜੱਦੀ ਪਿੰਡ ਖੁਰਦਪੁਰ (ਜਲੰਧਰ)
006421392147

## ਪੀੜਾਂ

ਕੁਝ ਪੀੜਾਂ ਹੁੰਦੀਆਂ ਘਰ ਆਏ ਮਹਿਮਾਨ ਜਿਹੀਆਂ,
ਜੋ ਦਿਲ ਸਾਡੇ ਵਿੱਚ ਘਰ ਬਣਾ ਕੇ ਰਹਿੰਦੀਆਂ ਨੇ।
ਅਸੀਂ ਆਦਰ ਕਰੀਏ ਇਹਨਾਂ ਦਾ ਮੁੱਖ ਮਹਿਮਾਨਾਂ ਵਾਂਗ,
ਇਹ ਸਤਿਕਾਰ ਸਾਡੇ ਦੀਆਂ ਆਦੀ ਹੋ ਕੇ ਬਹਿੰਦੀਆਂ ਨੇ।
ਕਦੇ ਹੱਸਦੇ ਚਿਹਰੇ ਪਿੱਛੇ ਇਹ ਲੁਕ ਜਾਂਦੀਆਂ ਨੇ,
ਕਦੇ ਅੱਖੀਆਂ ਵਿੱਚੋਂ ਹੰਜੂ ਬਣ ਬਣ ਵਹਿੰਦੀਆਂ ਨੇ।
ਜਿਥੋਂ ਪਿਆਰ ਮਿਲੇ ਕੋਈ ਉਥੋਂ ਦੂਰ ਕਿਵੇਂ ਜਾਵੇ,
ਇਸੇ ਲਈ ਮੁੜ ਮੁੜ ਸਾਡੇ ਸੁੱਖਾਂ ਨਾਲ ਖਹਿੰਦੀਆਂ  ਨੇ।
ਇਹਨਾਂ ਗ਼ਮੀਆਂ ਦੇ ਨਾਲ ਦਿਲੋਂ ਮੁਹੱਬਤ ਹੋ ਗਈ ਏ,
ਜੋ ਆਉਂਦਿਆਂ ਹੀ ਵਫ਼ਾਦਾਰਾਂ ਦੀ ਪਰਖ ਕਰਿੰਦਿਆਂ ਨੇ।
ਹੁਣ ਦਿਲ ਨੂੰ ਇਹ ਗਿਲਾ ਨਹੀਂ ਕਿ ਪੀੜਾਂ ਕਿਉਂ ਆਈਆਂ,
ਇਹ ਸੁੰਨੇ ਮਨ ਦੇ ਦਰ ਤੇ ਰੱਬੀ ਰੰਗ ਭਰਿੰਦੀਆਂ ਨੇ।
ਹੁਣ ਤਾਂ ਇਹ ਪੀੜਾਂ ਜਾਪਣ ਸੌਗਾਤਾਂ ਮਹਿਬੂਬ ਦੀਆਂ,
ਉਹਦੀ ਯਾਦ ਦੀ ਤਸਬੀ  ਫੇਰਣ ਦੇ ਲਈ ਕਹਿੰਦੀਆਂ ਨੇ।



ਬੂਟਾ ਸਿੰਘ ਭਦੌੜ



# ਗੁਰੂ ਨਾਨਕ ਕਾਲਜ ਆਫ ਨਰਸਿੰਗ ਢਾਹਾਂ ਕਲੇਰਾਂ ਵਿਖੇ ਇੰਟਰਨੈਸ਼ਨਲ ਨਰਸਿੰਗ ਦਿਵਸ ਮਨਾਇਆ ਗਿਆ

**ਬੰਗਾ 07 ਮਈ (ਚਰਨਜੀਤ ਸੱਲ੍ਹਾ)** ਪੰਜਾਬ ਦੇ ਪੇਂਡੂ ਇਲਾਕੇ ਦੇ ਪ੍ਰਸਿੱਧ ਨਰਸਿੰਗ ਅਦਾਰੇ ਗੁਰੂ ਨਾਨਕ ਕਾਲਜ ਆਫ ਨਰਸਿੰਗ ਢਾਹਾਂ ਕਲੇਰਾਂ ਵਿਖੇ ਨਰਸਿੰਗ ਦੀ ਜਨਮਦਾਤੀ ਮਿਸ ਫਲੋਰੈਂਸ ਨਾਈਟਿੰਗੇਲ ਦੇ ਜਨਮ ਦਿਨ ਨੂੰ ਸਮਰਪਿਤ ਅੱਜ ਇੰਟਰਨੈਸ਼ਨਲ ਨਰਸਿੰਗ ਦਿਵਸ ਮਨਾਇਆ ਗਿਆ। ਇਸ ਮੌਕੇ ਮੁੱਖ ਮਹਿਮਾਨ ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਨੇ ਨਰਸਿੰਗ ਵਿਦਿਆਰਥੀਆਂ ਅਤੇ ਨਰਸਾਂ ਨੂੰ ਸੰਬੋਧਨ ਕਰਦੇ ਹੋਏ ਇੰਟਰਨੈਸ਼ਨਲ ਨਰਸਿੰਗ ਦਿਵਸ ਦੀ ਵਧਾਈਆਂ ਦਿੱਤੀਆਂ ਅਤੇ ਉਹਨਾਂ ਦੇ ਸੁਨਹਿਰੀ ਭਵਿੱਖ ਲਈ ਅਰਦਾਸ ਕੀਤੀ। ਉਹਨਾਂ ਕਿਹਾ ਕਿ ਮਰੀਜ਼ਾਂ ਦੇ ਇਲਾਜ ਵਿਚ ਨਰਸਾਂ ਸਭ ਤੋਂ ਅਹਿਮ ਯੋਗਦਾਨ ਪਾਉਂਦੀਆਂ ਹਨ । ਇਸ ਮੌਕੇ ਉਹਨਾਂ ਨੇ ਆਪਣੇ ਕਰ ਕਮਲਾਂ ਨਾਲ ਇੰਟਰਨੈਸ਼ਨਲ ਨਰਸਿੰਗ ਦਿਵਸ ਨੂੰ ਸਮਰਪਿਤ ਸਾਲ 2026 ਦੇ ਥੀਮ ''ਸਾਡੀਆਂ ਨਰਸਾਂ ਸਾਡਾ ਭਵਿੱਖ'' ਨੂੰ ਸਮਰਪਿਤ ਹਫਤਾਭਰ ਚੱਲਣ ਵਾਲੇ ਸਮਾਗਮਾਂ ਦਾ ਉਦਘਾਟਨ ਵੀ ਕੀਤਾ । ਰਮਨਦੀਪ ਕੌਰ ਪ੍ਰਿੰਸੀਪਲ ਗੁਰੂ ਨਾਨਕ ਕਾਲਜ ਆਫ ਨਰਸਿੰਗ ਢਾਹਾਂ ਕਲੇਰਾਂ ਨੇ ਨਰਸਿੰਗ ਦੀ ਮੋਢੀ ਮਿਸ ਫਲੋਰੈਂਸ ਨਾਈਟਿੰਗਲ ਨੂੰ ਯਾਦ ਕੀਤਾ ਅਤੇ ਨਰਸਿੰਗ ਵਿਦਿਆਰਥੀਆਂ ਨੂੰ



ਨਰਸਿੰਗ ਢਾਹਾਂ-ਕਲੇਰਾਂ ਵਿਖੇ ਇੰਟਰਨੈਸ਼ਨਲ ਨਰਸਿੰਗ ਦਿਵਸ ਸਾਲ 2026 ਦੇ ਥੀਮ ''ਸਾਡੀਆਂ ਨਰਸਾਂ ਸਾਡਾ ਭਵਿੱਖ'' ਨੂੰ ਸਮਰਪਿਤ ਸਮਾਗਮਾਂ ਦਾ ਉਦਘਾਟਨ ਕਰਨ ਮੌਕੇ ਮੁੱਖ ਮਹਿਮਾਨ ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਅਤੇ ਹੋਰ ਪਤਵੰਤੇ।

ਇੰਟਰਨੈਸ਼ਨਲ ਨਰਸਿੰਗ ਦਿਵਸ ਦੀਆਂ ਵਧਾਈਆਂ ਦਿੱਤੀਆਂ । ਉਹਨਾਂ ਦੱਸਿਆ ਕਿ ਇਸ ਦਿਨ ਨੂੰ ਮਨਾਉਣ ਦੀ ਸ਼ੁਰੂਆਤ ਸਾਲ 1974 ਤੋਂ ਹੀ ਹੋਈ ਸੀ, ਜੋ ਨਰਸ ਮਿਸ ਫਲੋਰੈਂਸ ਨਾਈਟਿੰਗੇਲ ਦੇ ਜਨਮ ਦਿਨ ਨੂੰ ਸਮਰਪਿਤ ਹੁੰਦਾ ਹੈ । ਉਸ ਨੂੰ ਲੇਡੀ ਵਿਦ ਦਾ ਲੈਂਪ ਵੀ ਕਿਹਾ ਜਾਂਦਾ ਸੀ, ਕਿਉਂਕਿ ਉਹ ਜ਼ਖਮੀ ਸਿਪਾਹੀਆਂ ਦੀ ਦੇਖਭਾਲ ਲਈ ਰਾਤ ਨੂੰ ਘੁੰਮਦੀ ਸੀ । ਸਮਾਗਮ ਦੌਰਾਨ ਵਿਦਿਆਰਥੀਆਂ ਵੱਲੋਂ ਪੇਸ਼ਕਾਰੀਆਂ ਕਰਦੇ ਹੋਏ ਹਫਤਾਭਰ ਹੋਣ ਵਾਲੇ ਵੱਖ-ਵੱਖ ਸਮਾਗਮਾਂ, ਮੁਕਾਬਲਿਆਂ ਬਾਰੇ ਵੀ ਜਾਣਕਾਰੀ ਦਿੱਤੀ ਗਈ । ਇਸ ਮੌਕੇ ਸਟੇਜ ਸੰਚਾਲਨਾ ਦੀ ਜ਼ਿੰਮੇਵਾਰੀ ਗੁਰਦੀਪ ਕੌਰ ਨਰਸਿੰਗ ਟਿਊਟਰ ਨੇ ਬਾਖ਼ੂਬੀ ਨਿਭਾਈ । ਇਸ ਸਮਾਗਮ ਵਿਚ ਸ.ਜਗਜੀਤ ਸਿੰਘ ਮੀਤ ਸਕੱਤਰ ਟਰੱਸਟ, ਹੁਨਰਦੀਪ ਸਿੰਘ ਬਰਾੜ ਡਾਇਰੈਕਟਰ ਐਚ.ਆਰ., ਮਹਿੰਦਰਪਾਲ ਸਿੰਘ ਦਫਤਰ ਸੁਪਰਡੈਂਟ , ਦਵਿੰਦਰ ਕੌਰ ਨਰਸਿੰਗ ਸੁਪਰਡੈਂਟ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ, ਸੁਖਮਿੰਦਰ ਕੌਰ ਉਬੀ, ਮਨਿੰਦਰ ਕੌਰ, ਸਰਬਜੀਤ ਕੌਰ, ਰਾਬੀਆ ਹਾਟਾ, ਨੇਹਾ ਰਾਣੀ, ਸੰਦੀਪ ਸੂਦਨ, ਰੀਤੂ, ਮੁਹੰਮਦ ਯੂਨਸ ਵਾਨੀ, ਆਕਿਬ ਜਾਵੇਦ, ਕਾਲਜ ਅਧਿਆਪਕ ਅਤੇ ਨਰਸਿੰਗ ਵਿਦਿਆਰਥੀ ਹਾਜ਼ਰ ਸਨ ।

# ਕੇਂਦਰ ਦੀ ਭਾਜਪਾ ਅਤੇ ਪੰਜਾਬ ਦੀ 'ਆਪ' ਸਰਕਾਰ ਦਾ ਖ਼ੁਫ਼ੀਆ ਤੰਤਰ ਬੁਰੀ ਤਰ੍ਹਾਂ ਫੇਲ੍ਹ; ਪੰਜਾਬ ਨੂੰ ਮੁੜ ਕਾਲੇ ਦੌਰ ਵਿੱਚ ਧੱਕਣ ਦੀਆਂ ਸਾਜ਼ਿਸ਼ਾਂ ਤੋਂ ਸਰਕਾਰਾਂ ਅਤੇ ਸੁਰੱਖਿਆ ਫੋਰਸਾਂ ਹੋਣ ਸਤਰਕ: ਡਾਕਟਰ ਕਰੀਮਪੁਰੀ

**ਜਲੰਧਰ 7 ਮਈ(ਚਰਨਜੀਤ ਸੱਲ੍ਹਾ )** ਬਸਪਾ ਪੰਜਾਬ ਦੇ ਪ੍ਰਧਾਨ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਨੇ ਸ਼ੰਭੂ, ਜਲੰਧਰ ਅਤੇ ਅੰਮ੍ਰਿਤਸਰ ਵਿੱਚ ਹੋਏ ਬੰਬ ਧਮਾਕਿਆਂ 'ਤੇ ਬੇਹੱਦ ਸਖ਼ਤ ਅਤੇ ਸੰਵੇਦਨਸ਼ੀਲ ਬਿਆਨ ਜਾਰੀ ਕਰਦਿਆਂ ਕੇਂਦਰ ਤੇ ਰਾਜ ਸਰਕਾਰ ਦੀ ਕਾਰਗੁਜ਼ਾਰੀ ਨੂੰ ਕਟਹਿਰੇ ਵਿੱਚ ਖੜ੍ਹਾ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਧਮਾਕੇ ਸੂਬੇ ਦੀ ਅਮਨ-ਕਾਨੂੰਨ ਦੀ ਸਥਿਤੀ ਅਤੇ ਲੋਕਾਂ ਦੀ ਜਾਨ-ਮਾਲ ਦੀ ਸੁਰੱਖਿਆ ਦੇ ਮੋਰਚੇ 'ਤੇ ਦੋਵਾਂ ਸਰਕਾਰਾਂ ਦੀ ਵੱਡੀ ਨਾਕਾਮੀ ਹਨ।

ਖ਼ੁਫ਼ੀਆ ਤੰਤਰ ਦਾ ਫੇਲ੍ਹ ਹੋਣਾ: ਡਾਕਟਰ ਕਰੀਮਪੁਰੀ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਅਤੇ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਖ਼ੁਫ਼ੀਆ ਤੰਤਰ (ਨਿਟਏਲਲਿਗਏਨਚਏ) ਪੂਰੀ ਤਰ੍ਹਾਂ ਫੇਲ੍ਹ ਹੋ ਚੁੱਕਾ ਹੈ। ਜਦੋਂ ਸੂਬੇ ਦੇ ਸੰਵੇਦਨਸ਼ੀਲ ਹਿੱਸਿਆਂ ਵਿੱਚ ਲਗਾਤਾਰ ਅਜਿਹੀਆਂ ਘਟਨਾਵਾਂ ਵਾਪਰ ਰਹੀਆਂ ਹਨ, ਤਾਂ ਇਹ ਸਾਬਤ ਹੁੰਦਾ ਹੈ ਕਿ ਦੋਵੇਂ ਸਰਕਾਰਾਂ ਪੰਜਾਬ ਦੀ ਸੁਰੱਖਿਆ ਨੂੰ ਲੈ ਕੇ ਗੰਭੀਰ



ਨਹੀਂ ਹਨ।

ਉਨ੍ਹਾਂ ਸਲਾਹ ਦਿੱਤੀ ਕਿ ਕੇਂਦਰ ਅਤੇ ਰਾਜ ਦੀਆਂ ਸੁਰੱਖਿਆ ਫੋਰਸਾਂ ਤੁਰੰਤ ਸਤਰਕ ਹੋਣ। ਜੇਕਰ ਅਜੇ ਵੀ ਲਾਪਰਵਾਹੀ ਵਰਤੀ ਗਈ ਤਾਂ ਪੰਜਾਬ ਨੂੰ ਫਿਰ ਤੋਂ ਉਸੇ ਭਿਆਨਕ 'ਕਾਲੇ ਦੌਰ' ਵਿੱਚ ਧੱਕ ਦਿੱਤਾ ਜਾਵੇਗਾ, ਜਿਸ ਦਾ ਸੰਤਾਪ ਪੰਜਾਬੀ ਪਹਿਲਾਂ ਹੀ ਹੰਢਾ ਚੁੱਕੇ ਹਨ।

ਪੰਜਾਬ ਸੰਭਾਲੋ ਮੁਹਿੰਮ ਲਈ ਅਪੀਲ: ਡਾਕਟਰ ਕਰੀਮਪੁਰੀ ਨੇ ਭਾਵੁਕ ਹੁੰਦਿਆਂ ਕਿਹਾ ਕਿ ਅੱਜ ਪੰਜਾਬ ਨੂੰ ਇਹਨਾਂ ਵੱਡੀਆਂ ਚੁਣੌਤੀਆਂ ਵਿੱਚੋਂ ਕੱਢਣ ਦੀ ਲੋੜ ਹੈ। ਉਨ੍ਹਾਂ ਸਮੂਹ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਉਹ 'ਪੰਜਾਬ ਸੰਭਾਲੋ' ਮੁਹਿੰਮ ਨੂੰ ਆਪਣਾ ਪੂਰਾ ਆਸ਼ੀਰਵਾਦ ਅਤੇ ਸਾਥ ਦੇਣ ਤਾਂ ਜੋ ਅਸੀਂ ਮਿਲ ਕੇ ਸੂਬੇ ਨੂੰ ਅਰਾਜਕਤਾ ਅਤੇ ਦਹਿਸ਼ਤ ਤੋਂ ਬਚਾ ਸਕੀਏ।

# ਗੰਭੀਰ ਬਿਮਾਰੀਆਂ ਤੋਂ ਬਚਣ ਲਈ ਕੁੜੀਆਂ ਨੂੰ ਟੀਕਾਕਰਨ ਜ਼ਰੂਰ ਕਰਵਾਉਣਾ ਚਾਹੀਦਾ ਹੈ - ਸਿਵਲ ਸਰਜਨ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਸਮਾਜ ਸੇਵਾ ਅਤੇ ਲੋਕ ਭਲਾਈ ਦੇ ਖੇਤਰ ਵਿੱਚ ਲਗਾਤਾਰ ਸਰਗਰਮ ਭਾਰਤ ਵਿਕਾਸ ਪ੍ਰੀਸ਼ਦ ਨੇ ਇੱਕ ਵਾਰ ਫਿਰ ਆਪਣੀ ਜ਼ਿੰਮੇਵਾਰੀ ਨਿਭਾਈ ਹੈ ਅਤੇ ਆਪਣੇ ਪ੍ਰਧਾਨ ਅਤੇ ਉੱਘੇ ਸਮਾਜ ਸੇਵਕ ਸੰਜੀਵ ਅਰੋੜਾ ਦੀ ਅਗਵਾਈ ਹੇਠ ਸਿਹਤ ਵਿਭਾਗ ਨੂੰ 4,000 ਸਹਿਮਤੀ ਫਾਰਮ ਜਮ੍ਹਾਂ ਕਰਵਾ ਕੇ ਇੱਕ ਮਹੱਤਵਪੂਰਨ ਪਹਿਲ ਕੀਤੀ ਹੈ। ਇਨ੍ਹਾਂ ਫਾਰਮਾਂ ਰਾਹੀਂ, 14 ਸਾਲ ਦੀ ਉਮਰ ਦੀਆਂ ਕੁੜੀਆਂ ਨੂੰ ਰਾਜ ਸਰਕਾਰ ਦੀ ਇੱਕ ਮਹੱਤਵਪੂਰਨ ਸਿਹਤ ਯੋਜਨਾ ਦੇ ਹਿੱਸੇ ਵਜੋਂ ਫੜ (ਹਿਊਮਨ ਪੈਪੀਲੋਮਾ ਵਾਇਰਸ) ਵਿਰੁੱਧ ਟੀਕਾਕਰਨ ਕੀਤਾ ਜਾਵੇਗਾ। ਇਸ ਮੌਕੇ ਸਿਵਲ ਸਰਜਨ ਡਾ. ਮਨਦੀਪ ਕਮਲ ਨੇ ਭਾਰਤ ਵਿਕਾਸ ਪ੍ਰੀਸ਼ਦ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਇਹ ਟੀਕਾਕਰਨ 14-15 ਸਾਲ ਦੀ ਉਮਰ ਦੀਆਂ ਕੁੜੀਆਂ ਲਈ ਭਵਿੱਖ ਵਿੱਚ ਸਰਵਾਈਕਲ ਕੈਂਸਰ ਵਰਗੀਆਂ ਬਿਮਾਰੀਆਂ ਨੂੰ ਰੋਕਣ ਲਈ ਜ਼ਰੂਰੀ ਹੈ। ਉਨ੍ਹਾਂ ਸ਼ਹਿਰ ਅਤੇ ਪੇਂਡੂ ਵਸਨੀਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ ਕੁੜੀਆਂ ਨੂੰ ਇਸ ਬਿਮਾਰੀ ਤੋਂ



ਬਚਾਉਣ ਲਈ ਟੀਕਾਕਰਨ ਕਰਵਾਉਣ ਅਤੇ ਆਪਣੇ ਗੁਆਂਢੀਆਂ ਵਿੱਚ ਜਾਗਰੂਕਤਾ ਪੈਦਾ ਕਰਨ ਤਾਂ ਜੋ ਉਹ ਸਮੇਂ ਸਿਰ ਇਸ ਬਿਮਾਰੀ ਤੋਂ ਬਚ ਸਕਣ। ਇਸ ਮੌਕੇ ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ. ਸੀਮਾ ਗਰਗ ਨੇ ਦੱਸਿਆ ਕਿ ਇਹ ਸਹਿਮਤੀ ਫਾਰਮ ਜਲਦੀ ਹੀ ਵੱਖ-ਵੱਖ ਖੇਤਰਾਂ ਵਿੱਚ ਫੀਲਡ ਸਟਾਫ਼ ਦੁਆਰਾ ਘਰ-ਘਰ ਵੰਡੇ ਜਾਣਗੇ ਤਾਂ ਜੋ ਐਚਪੀਵੀ ਟੀਕਿਆਂ ਦੀ ਮਹੱਤਤਾ ਬਾਰੇ ਵਿਸਤ੍ਰਿਤ ਜਾਣਕਾਰੀ ਪ੍ਰਦਾਨ ਕੀਤੀ ਜਾ ਸਕੇ ਅਤੇ ਉਨ੍ਹਾਂ ਦੀ ਸਹਿਮਤੀ ਪ੍ਰਾਪਤ ਕੀਤੀ ਜਾ ਸਕੇ। ਉਨ੍ਹਾਂ ਅੱਗੇ ਕਿਹਾ ਕਿ ਇਹ ਟੀਕਾਕਰਨ ਮੁਹਿੰਮ ਕੁੜੀਆਂ ਦੀ ਸਿਹਤ ਦੀ ਰੱਖਿਆ ਵੱਲ ਇੱਕ ਵੱਡਾ ਕਦਮ ਹੈ, ਅਤੇ ਸਮਾਜ ਦੇ ਹਰ ਵਰਗ ਦਾ ਸਹਿਯੋਗ ਜ਼ਰੂਰੀ ਹੈ। ਇਸ ਮੌਕੇ ਕੌਂਸਲ ਦੇ ਪ੍ਰਧਾਨ ਸੰਜੀਵ ਅਰੋੜਾ ਅਤੇ ਵਿਜੇ ਅਰੋੜਾ ਨੇ ਕਿਹਾ ਕਿ ਭਾਰਤ ਵਿਕਾਸ ਪ੍ਰੀਸ਼ਦ ਇਸ ਯੋਜਨਾ ਨੂੰ ਸਫਲ ਬਣਾਉਣ ਲਈ ਸਿਹਤ ਵਿਭਾਗ ਨਾਲ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਨ ਲਈ ਵਚਨਬੱਧ ਹੈ। ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਕੌਂਸਲ ਨਾ ਸਿਰਫ਼ ਸਹਿਮਤੀ ਫਾਰਮ ਪ੍ਰਦਾਨ ਕਰ ਰਹੀ ਹੈ ਬਲਕਿ ਜਾਗਰੂਕਤਾ ਮੁਹਿੰਮਾਂ ਰਾਹੀਂ ਮਾਪਿਆਂ ਨੂੰ ਇਸ ਟੀਕਾਕਰਨ ਦੀ ਮਹੱਤਤਾ ਬਾਰੇ ਵੀ ਜਾਗਰੂਕ ਕਰੇਗੀ, ਤਾਂ ਜੋ ਹੋਰ ਕੁੜੀਆਂ ਇਸ ਯੋਜਨਾ ਦਾ ਲਾਭ ਉਠਾ ਸਕਣ। ਉਨ੍ਹਾਂ ਕਿਹਾ, "ਜੇਕਰ ਸਾਡੇ ਬੱਚੇ ਸਿਹਤਮੰਦ ਹਨ, ਤਾਂ ਸਾਡਾ ਸਮਾਜ ਅਤੇ ਸਾਡਾ ਦੇਸ਼ ਦੋਵੇਂ ਮਜ਼ਬੂਤ ਹੋਣਗੇ।"

# ਅਨੁਸੂਚਿਤ ਜਾਤੀ ਮੁਲਾਜ਼ਮਾਂ ਨਾਲ ਪਦਉੱਨਤੀ ਵਿੱਚ ਹੋ ਰਹੀ ਧੱਕੇਸ਼ਾਹੀ ਬੰਦ ਕੀਤੀ ਜਾਵੇ - ਘੇੜਾ/ਭੁੱਲਾਰਾਈ / ਮਹਿਮੀ

## ਸੀ.ਐਮ. ਭਗਵੰਤ ਸਿੰਘ ਮਾਨ ਨੂੰ ਫਗਵਾੜਾ ਫੇਰੀ ਦੌਰਾਨ ਦਿੱਤਾ ਮੰਗ ਪੱਤਰ

**ਫਗਵਾੜਾ 7 ਮਈ ( ਚਰਨਜੀਤ ਸੱਲ੍ਹਾ )** ਬਹੁਜਨ ਸੰਘਰਸ਼ ਆਰਗਨਾਈਜੇਸ਼ਨ ਆਫ ਇੰਡੀਆ ਵਲੋਂ ਚੇਅਰਮੈਨ ਰਾਜਿੰਦਰ ਘੇੜਾ ਦੀ ਅਗਵਾਈ ਹੇਠ ਮੁੱਖ ਮੰਤਰੀ ਭਗਵੰਤ ਮਾਨ ਦੀ ਫਗਵਾੜਾ ਫੇਰੀ ਦੌਰਾਨ ਭੂਮੀ ਅਤੇ ਜਲ ਸੰਭਾਲ ਵਿਭਾਗ, ਖੇਤੀਬਾੜੀ ਵਿਭਾਗ ਅਤੇ ਬਾਗਬਾਨੀ ਵਿਭਾਗ ਵਿੱਚ ਪਦਉਨਤੀਆ ਸਮੇਂ ਰਿਜਰਵੇਸ਼ਨ ਨਿਯਮਾਂ ਦੀ ਉਲੰਘਣਾ ਸਬੰਧੀ ਇਕ ਮੰਗ ਪੱਤਰ ਦਿੱਤਾ ਗਿਆ। ਜਿਸ ਵਿੱਚ ਮੰਗ ਕੀਤੀ ਗਈ ਹੈ ਕਿ ਅਨੁਸੂਚਿਤ ਜਾਤੀਆਂ ਦੇ ਅਧਿਕਾਰਾਂ ਨੂੰ ਲਾਗੂ ਕਰਦਿਆਂ ਮੁਲਾਜ਼ਮਾਂ ਨੂੰ ਇਨਸਾਫ ਦਿੱਤਾ ਜਾਵੇ। ਮੰਗ ਪੱਤਰ ਦੇਣ ਉਪਰੰਤ ਗੱਲਬਾਤ ਕਰਦੇ ਹੋਏ ਚੇਅਰਮੈਨ ਰਾਜਿੰਦਰ ਘੇੜਾ, ਪ੍ਰਧਾਨ ਧਰਮਿੰਦਰ ਭੁੱਲਾਰਾਈ ਅਤੇ ਮਨੀਸ਼ ਮਹਿਮੀ ਸੀਨੀਅਰ ਆਗੂ ਨੇ ਦੱਸਿਆ ਕਿ ਜਥੇਬੰਦੀ ਦੇ ਮਾਧਿਅਮ ਤੋਂ ਮੁੱਖ ਮੰਤਰੀ ਦੇ ਧਿਆਨ ਵਿੱਚ ਲਿਆਉਂਦਾ ਗਿਆ ਹੈ ਕਿ ਪੰਜਾਬ ਵਿੱਚ ਕੁੱਲ 38% ਜਨਸੰਖਿਆ ਅਨੁਸੂਚਿਤ ਜਾਤੀ ਨਾਲ ਸੰਬੰਧ ਰੱਖਦੀ ਹੈ। ਪ੍ਰੰਤੂ ਕਰੀਬ 5% ਹੀ ਅਨੁਸੂਚਿਤ ਜਾਤੀਆਂ ਦੇ ਮੁਲਾਜ਼ਮ ਹਨ। ਦੇਸ਼ ਦੀ 78 ਸਾਲ ਦੀ ਅਜ਼ਾਦੀ ਤੋਂ ਬਾਅਦ ਵੀ ਅਨੁਸੂਚਿਤ ਜਾਤੀਆਂ ਦੇ ਮੁਲਾਜ਼ਮਾਂ ਦਾ ਬਣਦਾ ਹਿੱਸਾ ਚਾਹੇ ਉਹ ਨੌਕਰੀਆਂ ਜਾਂ ਸਿੱਖਿਆ ਦੇ ਖੇਤਰ ਵਿੱਚ ਹੋਵੇ ਅਧੂਰਾ ਪਿਆ ਹੈ। ਇਸਨੂੰ ਪੂਰਾ ਕਰਨ ਲਈ ਜਾਤੀ ਵਿਤਕਰੇ ਬਾਰੇ ਮੰਗ ਪੱਤਰ ਦੇ ਕੇ ਜਾਣੂ ਕਰਵਾਇਆ ਗਿਆ ਹੈ। ਕਿਉਂਕਿ ਮੁਲਾਜ਼ਮਾਂ ਦੀਆਂ ਪਦਉਨਤੀਆਂ ਦੌਰਾਨ ਰਿਜ਼ਰਵੇਸ਼ਨ ਪਾਲਸੀ ਦੀ ਵੱਖ-ਵੱਖ ਵਿਭਾਗਾਂ ਵੱਲੋਂ ਖੁੱਲੇਆਮ ਧੱਜੀਆਂ ਉਡਾਈਆਂ ਜਾ



ਫਗਵਾੜਾ ਵਿਖੇ ਮੁੱਖ ਮੰਤਰੀ ਨੂੰ ਮੰਗ ਪੱਤਰ ਦੇਣ ਉਪਰੰਤ ਗੱਲਬਾਤ ਕਰਦੇ ਹੋਏ ਚੇਅਰਮੈਨ ਰਾਜਿੰਦਰ ਘੇੜਾ ਦੇ ਨਾਲ ਧਰਮਿੰਦਰ ਭੁੱਲਾਰਾਈ ਅਤੇ ਮਨੀਸ਼ ਮਹਿਮੀ।

ਰਹੀਆਂ ਹਨ। ਰਾਜਿੰਦਰ ਘੇੜਾ ਅਤੇ ਹੋਰਨਾਂ ਨੇ ਦੱਸਿਆ ਕਿ ਪੰਜਾਬ ਖੇਤੀਬਾੜੀ ਸੂਬਾ ਹੋਣ ਦੇ ਨਾਤੇ ਇਸ ਨਾਲ ਸੰਬੰਧਿਤ ਵਿਭਾਗ ਜਿਵੇਂ ਕਿ ਭੂਮੀ ਅਤੇ ਜਲ ਸੰਭਾਲ ਵਿਭਾਗ, ਖੇਤੀਬਾੜੀ ਵਿਭਾਗ, ਬਾਗਬਾਨੀ ਵਿਭਾਗ ਵਿੱਚ ਆਪ ਪਾਰਟੀ ਦੀ ਸਰਕਾਰ ਦੇ ਰਿਜ਼ਰਵੇਸ਼ਨ ਨਾਲ ਸਬੰਧਿਤ ਨੋਡਲ ਸਮਾਜਿਕ ਨਿਆ ਵਿਭਾਗ ਵੱਲੋਂ ਦਿੱਤੀਆਂ ਗਈਆਂ ਰਿਪੋਰਟਾਂ ਲਾਗੂ ਨਹੀਂ ਕੀਤੀਆਂ ਜਾਂਦੀਆਂ। ਜਿਸ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਸਰਕਾਰੀ ਵਿਭਾਗਾਂ ਦੇ ਮੁਖੀ ਜਾਤੀ ਮਾਨਸਿਕਤਾ ਦੇ ਸ਼ਿਕਾਰ ਹਨ ਅਤੇ ਵੱਡੇ ਪੈਮਾਨੇ ਤੇ ਭਾਈਚਾਰਕ ਸਾਂਝ ਨੂੰ ਖ਼ਤਮ ਕਰਨ ਦੀ ਸਾਜ਼ਿਸ਼ ਕਰ ਰਹੇ ਹਨ। ਇਸ ਦੀ ਤਾਜ਼ਾ ਮਿਸਾਲ ਹਾਲ ਵਿੱਚ ਹੋਈਆਂ ਭੂਮੀ ਅਤੇ ਜਲ ਸੰਭਾਲ ਵਿਭਾਗ ਵਿੱਚ ਭੂਮੀ ਰੱਖਿਆ ਅਫ਼ਸਰ ਤੋਂ ਉਪ ਮੰਡਲ ਭੂਮੀ ਰੱਖਿਆ ਅਫ਼ਸਰ ਦੀਆਂ ਪਦਉਨਤੀਆਂ ਦੌਰਾਨ ਦੇਖਣ ਨੂੰ ਮਿਲੀ ਹੈ। ਜਦਕਿ ਸਮਾਜਿਕ ਨਿਆ ਵਿਭਾਗ ਵੱਲੋਂ ਦਿੱਤੀਆਂ ਰੋਸਟਰ ਰਿਪੋਰਟਾਂ ਵਿੱਚ ਅਨੁਸੂਚਿਤ ਜਾਤੀ ਦੇ ਮੁਲਾਜ਼ਮਾਂ ਦੀਆਂ ਪੰਜ ਪੋਸਟਾਂ ਭਰਨ ਸਬੰਧੀ ਕਈ ਵਾਰ ਹਦਾਇਤ ਕੀਤੀ ਗਈ ਹੈ ਪਰੰਤੂ ਸਬੰਧਿਤ ਵਿਭਾਗ ਵੱਲੋਂ 25/09/2025 ਨੂੰ ਹੋਈ ਡੀ.ਪੀ.ਸੀ. ਵਿੱਚ ਸ਼ਰੇਆਮ ਯਿਮਾਂ ਦੀਆਂ ਧੱਜੀਆਂ ਉਡਾਈਆਂ ਗਈਆਂ। ਇਸੇ ਤਰ੍ਹਾਂ ਖੇਤੀਬਾੜੀ ਵਿਭਾਗ ਵਿੱਚ ਖੇਤੀਬਾੜੀ ਵਿਕਾਸ ਅਫ਼ਸਰ ਤੋਂ ਖੇਤੀਬਾੜੀ ਅਫ਼ਸਰ ਦੇ 19 ਬੈਕਲਾਗ 2020 ਤੋਂ ਖਾਲੀ ਹਨ ਜਿਸ ਨੂੰ ਵੀ ਜਾਣ ਬੁਝ ਕੇ ਸੰਬੰਧਿਤ ਵਿਭਾਗ ਵੱਲੋਂ ਟਾਲ ਮਟੋਲ ਕੀਤਾ ਜਾ ਰਿਹਾ ਹੈ। ਉਹਨਾਂ ਦੱਸਿਆ ਕਿ ਬਾਗਬਾਨੀ ਵਿਭਾਗ ਵਿੱਚ ਵੀ ਸੀਨੀਅਰਤਾ ਤੇ ਪਦਉਨਤ ਹੋਣ ਵਾਲੇ ਅਧਿਕਾਰੀਆਂ ਨੂੰ ਰੋਸਟਰ ਪੁਆਇੰਟ ਤੇ ਦਰਸਾ ਕੇ ਕਿਸੇ ਨਾ ਕਿਸੇ ਤਰੀਕੇ ਨਾਲ ਅਨੁਸੂਚਿਤ ਜਾਤੀਆਂ ਦੇ ਅਧਿਕਾਰੀਆਂ ਦਾ ਹੱਕ ਮਾਰਿਆ ਜਾ ਰਿਹਾ ਹੈ। ਇਸ ਸੰਬੰਧੀ ਸ਼ਿਕਾਇਤਾਂ ਕਾਫ਼ੀ ਲੰਬੇ ਸਮੇਂ ਤੋਂ ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਵਿੱਚ ਵੀ ਲੰਬਿਤ ਹਨ। ਇਸ ਤੋਂ ਇਲਾਵਾ ਬਹੁਜਨ ਸੰਘਰਸ਼ ਆਰਗਨਾਈਜੇਸ਼ਨ ਆਫ ਇੰਡੀਆ ਦੇ ਧਿਆਨ ਵਿੱਚ ਆਇਆ ਹੈ ਕਿ ਵੱਖ-ਵੱਖ ਵਿਭਾਗਾ ਵਿੱਚ ਵੀ ਕਾਫ਼ੀ ਲੰਬੇ ਸਮੇਂ ਤੋਂ ਬੈਕਲਾਗ ਰਿਪੋਰਟਾਂ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ ਅਤੇ ਅਨੇਕਾਂ ਅਨੁਸੂਚਿਤ ਜਾਤੀਆਂ ਦੇ ਅਧਿਕਾਰੀਆਂ ਨਾਲ ਜਾਤੀ ਦਾ ਸੰਵਿਧਾਨਿਕ ਹੱਕ ਮਾਰਿਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਜੇਕਰ ਮੁੱਖ ਮੰਤਰੀ ਨੂੰ ਮੰਗ ਪੱਤਰ ਦੇਣ ਦੇ ਬਾਵਜੂਦ ਮੰਗਾਂ ਨੂੰ ਅੱਖੋਂ-ਪਰੋਖੇ ਕੀਤਾ ਗਿਆ ਤਾਂ ਸੰਘਰਸ਼ ਦਾ ਰਸਤਾ ਅਖਤਿਆਰ ਕੀਤਾ ਜਾਵੇਗਾ।

## ਰੈੱਡ ਕਰਾਸ ਸੁਸਾਇਟੀ ਵੱਲੋਂ ਕਾਮਿਆਂ ਦੀ ਸੁਰੱਖਿਆ ਨੂੰ ਮੁੱਖ ਰੱਖਦਿਆਂ ਫਸਟ ਏਡ ਟ੍ਰੇਨਿੰਗਾਂ ਜਾਰੀ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਉਦਯੋਗਿਕ ਇਕਾਈਆਂ ਵਿੱਚ ਕੰਮ ਕਰਦੇ ਵਰਕਰਾਂ ਦੀ ਸੁਰੱਖਿਆ ਨੂੰ ਮੁੱਖ ਰੱਖਦਿਆਂ ਲਗਾਤਾਰ ਫਸਟ-ਏਡ ਟ੍ਰੇਨਿੰਗਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਇਸੇ ਲੜੀ ਤਹਿਤ, ਹੁਣ ਕੁਆਂਟਮ ਪੇਪਰਜ਼ ਲਿਮਟਿਡ, ਸੈਲਾ ਖੁਰਦ ਵਿਖੇ 30 ਵਰਕਰਾਂ ਦੇ ਬੈਚ ਲਈ ਤਿੰਨ ਰੋਜ਼ਾ ਫਸਟ ਏਡ ਕੈਂਪ 29 ਅਪ੍ਰੈਲ ਤੋਂ 1 ਮਈ ਤੱਕ ਲਗਾਇਆ ਗਿਆ,ਜਿਸ ਦੌਰਾਨ ਮਾਹਿਰ ਟ੍ਰੇਨਰ ਅਨੂ ਸ਼ਰਮਾ ਨੇ 30 ਉਦਯੋਗਿਕ ਵਰਕਰਾਂ ਨੂੰ ਮੁੱਢਲੀ ਸਹਾਇਤਾ ਦੀ ਮਹੱਤਤਾ ਬਾਰੇ ਜਾਗਰੂਕ ਕਰਦਿਆਂ ਜਾਨਾਂ ਬਚਾਉਣ ਦੀਆਂ ਵੱਖ-ਵੱਖ ਤਕਨੀਕਾਂ ਦੀ ਪ੍ਰੈਕਟਿਕਲ ਟਰੇਨਿੰਗ ਦਿੱਤੀ, ਜਿਸ ਵਿੱਚ ਉਦਯੋਗਿਕ ਖੇਤਰ ਵਿੱਚ ਕੰਮ ਕਰਦੇ ਵਰਕਰਾਂ ਨੂੰ ਅਚਾਨਕ ਵਾਪਰਨ ਵਾਲੇ ਹਾਦਸਿਆਂ, ਜਿਵੇਂ ਕਿ ਮਸ਼ੀਨਰੀ ਨਾਲ ਲੱਗਣ ਵਾਲੀਆਂ ਸੱਟਾਂ, ਬਿਜਲੀ ਦੇ ਝਟਕੇ, ਦਿਲ ਦੇ ਦੌਰੇ, ਸਾਹ ਦੀ ਤਕਲੀਫ, ਸੀਪੀਆਰ, ਜ਼ਹਿਰ, ਜਲਣ, ਫ੍ਰੈਕਚਰ ਦਾ ਇਲਾਜ, ਦਮ ਘੁੱਟਣ ਦਾ ਪ੍ਰਬੰਧਨ, ਪੱਟੀਆਂ ਲਗਾਉਣਾ, ਮੋਚ/ਖਿੱਚ, ਪਸਲੀਆਂ ਦਾ ਫ੍ਰੈਕਚਰ ਅਤੇ ਹੋਰ ਐਮਰਜੈਂਸੀ ਪ੍ਰਤੀਕਿਰਿਆ ਤਕਨੀਕਾਂ ਜਿਵੇਂ ਕਿ ਸੱਪ/ਬਿੱਛੂ/ਕੁੱਤੇ/ਸ਼ਹਿਦ ਦੀ ਮੱਖੀ ਦਾ ਕੱਟਣਾ, ਮਿਰਗੀ ਦਾ ਡੋਰਾ ਲੱਗਣਾ, ਡੁੱਬਣਾ, ਸਾਹ



ਘੁੱਟਣਾ, ਸਿਰ ਦੀ ਸੱਟ, ਗਰਮੀ ਦਾ ਦੌਰਾ ਅਤੇ ਡੀਹਾਈਡਰੇਸ਼ਨ, ਬੁਖਾਰ ਆਦਿ ਹੋਣ ਦੀ ਹਾਲਤ ਵਿੱਚ ਦਿੱਤੀ ਜਾਣ ਵਾਲੀ ਫਸਟ ਏਡ ਸਬੰਧੀ ਪੂਰੀ ਟਰੇਨਿੰਗ ਦਿੱਤੀ ਗਈ , ਤਾਂ ਜੋ ਕੀਮਤੀ ਮਨੁੱਖੀ ਜਾਨਾਂ ਨੂੰ ਅਜਾਈਂ ਜਾਣ ਤੋਂ ਬਚਾਇਆ ਜਾ ਸਕੇ। ਸਕੱਤਰ, ਰੈੱਡ ਕਰਾਸ ਦੁਆਰਾ ਇਸ ਮੁਹਿੰਮ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਜ਼ਿਲ੍ਹੇ ਦੀਆਂ ਸਮੂਹ ਉਦਯੋਗਿਕ ਇਕਾਈਆਂ ਅਤੇ ਵੱਖ-ਵੱਖ ਵਿਭਾਗਾਂ ਨੂੰ ਕਿਹਾ ਕਿ ਅਜਿਹੇ ਸਿਖਲਾਈ ਸੈਸ਼ਨ ਫੈਕਟਰੀਜ਼ ਐਕਟ, 1948 ਦੇ ਤਹਿਤ ਲਾਜ਼ਮੀ ਹਨ, ਖਾਸ ਕਰਕੇ 150 ਤੋਂ ਵੱਧ ਕਾਮਿਆਂ ਨੂੰ ਰੁਜ਼ਗਾਰ ਦੇਣ ਵਾਲੇ ਉਦਯੋਗਾਂ ਲਈ। ਉਨ੍ਹਾਂ ਕਿਹਾ ਕਿ ਉਦਯੋਗਿਕ ਵਰਕਰਾਂ ਲਈ ਇਹ ਸਿਖਲਾਈ ਨਾ ਸਿਰਫ਼ ਉਨ੍ਹਾਂ ਦੇ ਆਤਮ-ਵਿਸ਼ਵਾਸ ਵਿੱਚ ਵਾਧਾ ਕਰਦੀ ਹੈ, ਸਗੋਂ ਕੰਮ ਵਾਲੀ ਥਾਂ 'ਤੇ ਇੱਕ ਸੁਰੱਖਿਅਤ ਮਾਹੌਲ ਵੀ ਸਿਰਜਦੀ ਹੈ। ਰੈੱਡ ਕਰਾਸ ਸੋਸਾਇਟੀ ਇਸ ਵੇਲੇ 'ਮਿਸ਼ਨ ਮੋਡ' 'ਤੇ ਕੰਮ ਕਰ ਰਹੀ ਹੈ ਤਾਂ ਜੋ ਜ਼ਿਲ੍ਹੇ ਦੇ ਵੱਧ ਤੋਂ ਵੱਧ ਉਦਯੋਗਿਕ ਯੂਨਿਟਾਂ ਨੂੰ ਇਸ ਸਿਖਲਾਈ ਘੇਰੇ ਹੇਠ ਲਿਆ ਕੇ ਹਰੇਕ ਵਰਕਰ ਨੂੰ ਇੱਕ ਕੁਸ਼ਲ ਫਸਟ-ਏਡਰ ਵਜੋਂ ਤਿਆਰ ਕੀਤਾ ਜਾ ਸਕੇ। ਇਹ ਸਿਖਲਾਈ ਕਿਸੇ ਵੀ ਹਾਦਸੇ ਅਤੇ ਹਸਪਤਾਲ ਪਹੁੰਚਣ ਦੇ ਵਿਚਕਾਰਲੇ ਸਮੇਂ ਵਿੱਚ ਇੱਕ ਮਜ਼ਬੂਤ ਸੁਰੱਖਿਆ ਕਵਚ ਵਜੋਂ ਕੰਮ ਕਰੇਗੀ, ਜੋ ਭਵਿੱਖ ਵਿੱਚ ਕਿਸੇ ਵੀ ਅਣਸੁਖਾਵੀਂ ਘਟਨਾ ਦੇ ਪ੍ਰਭਾਵ ਨੂੰ ਘੱਟ ਕਰਨ ਵਿੱਚ ਸਹਾਈ ਹੋਵੇਗੀ।

## ਸਤਲੁਜ ਦਰਿਆ ਤੇ ਬਿਸਤ ਦੁਆਬ ਨਹਿਰ ’ਚ ਨਹਾਉਣ ਦੀ ਮਨਾਹੀ

ਟਜ਼ਿਲ੍ਹਾ ਮੈਜਿਸਟ੍ਰੇਟ ਸ਼ਹੀਦ ਭਗਤ ਸਿੰਘ ਨਗਰ ਗੁਲਪ੍ਰੀਤ ਸਿੰਘ ਔਲਖ ਨੇ ਜ਼ਿਲ੍ਹੇ ਦੀ ਹਦੂਦ ਅੰਦਰ ਪੈਂਦੇ ਦਰਿਆ ਸਤਲੁਜ ਅਤੇ ਬਿਸਤ ਦੁਆਬ ਨਹਿਰ ’ਚ ਨਹਾਉਣ ’ਤੇ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ। ਜ਼ਿਲ੍ਹਾ ਮੈਜਿਸਟ੍ਰੇਟ ਵੱਲੋਂ ਭਾਰਤੀ ਨਾਗਰਿਕ ਸੁਰੱਕਸ਼ਾ ਸੰਹਿਤਾ, 2023 ਦੀ ਧਾਰਾ 163 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਇਹ ਮਨਾਹੀ, ਇਨ੍ਹਾਂ ਦੋਵਾਂ ਥਾਂਵਾਂ ’ਤੇ ਨਹਾਉਣ ਵਾਲਿਆਂ ਦੇ ਡੂੰਘੇ ਪਾਣੀ ’ਚ



ਜਾਣ ਅਤੇ ਪਾਣੀ ਵਿਚ ਡੁੱਬਣ ਨਾਲ ਹੋਈਆਂ ਅਣਸੁਖਾਵੀਂਆਂ ਘਟਨਾਵਾਂ ਦੇ ਮੱਦੇਨਜ਼ਰ ਕੀਤੀ ਹੈ। ਜ਼ਿਲ੍ਹਾ ਮੈਜਿਸਟ੍ਰੇਟ ਅਨੁਸਾਰ ਅਜਿਹੀਆਂ ਮੰਦਭਾਗੀਆਂ ਘਟਨਾਵਾਂ ਵਾਪਰਨ ਕਾਰਨ ਪਰਿਵਾਰ ਦੇ ਨਾਲ-ਨਾਲ ਜ਼ਿਲ੍ਹਾ ਪ੍ਰਸ਼ਾਸਨ ਵੀ ਦੁੱਖ ਮਹਿਸੂਸ ਕਰਦਾ ਹੈ, ਜਿਸ ਲਈ ਇਹ ਰੋਕ ਲਾਈ ਜਾਣੀ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਜੇਕਰ ਕੋਈ ਵਿਅਕਤੀ ਮੌਕੇ ’ਤੇ ਨਹਾਉਂਦਾ ਫੜਿਆ ਜਾਂਦਾ ਹੈ ਤਾਂ ਉਸ ਖ਼ਿਲਾਫ਼ ਪੁਲਿਸ ਵਿਭਾਗ ਵੱਲੋਂ ਨਿਯਮਾਂ ਅਨੁਸਾਰ ਕੇਸ ਦਰਜ ਕੀਤਾ ਜਾ ਸਕਦਾ ਹੈ। ਇਹ ਹੁਕਮ 4 ਜੁਲਾਈ 2026 ਤੱਕ ਲਾਗੂ ਰਹਿਣਗੇ।

# ਮੇਲਾ ਹਰਦੋ ਸੇਖਾਂ ਦਾ ਸਲਾਨਾ ਜੋੜ ਮੇਲਾ 28 ਤੇ 29 ਮਈ ਨੂੰ : ਡਾ. ਸਿੱਧਮ

## ਮੇਲੇ ਵਿੱਚ ਸੰਤ-ਮਹਾਪੁਰਸ਼ ਕਰਨਗੇ ਸ਼ਿਰਕਤ, ਪ੍ਰਸਿੱਧ ਕਲਾਕਾਰ ਤੇ ਕਵਾਲ ਬੰਨ੍ਹਣਗੇ ਰੰਗ

**ਹੁਸ਼ਿਆਰਪੁਰ /ਨੂਰਮਹਿਲ 7 ਮਈ (ਤਰਸੇਮ ਦੀਵਾਨਾ )** -ਰਹਿਮਤਾਂ ਦਾ ਦਰਬਾਰ ਅਤੇ ਸੂਫ਼ੀ ਦਰਗਾਹ ਅਸਤਾਨਾਂ ਔਲੀਆ ਹਜ਼ਰਤ ਸ਼ਾਹ ਬਾਬਾ ਮੁੱਲਾਹ ਬਦਰ ਸਾਹਿਬ ਜੀ ਦੇ ਪਵਿੱਤਰ ਅਸਥਾਨ ਪਿੰਡ ਹਰਦੋ ਸ਼ੇਖ (ਸੇਖਾਂ) ਨੇੜੇ ਸਰੀਂਹ ਸ਼ੰਕਰ (ਨੂਰਮਹਿਲ) ਜਲੰਧਰ ਵਿਖੇ ਵਿਸ਼ਾਲ ਸਲਾਨਾ ਮੇਲਾ ( ਹਰਦੋ ਸ਼ੇਖਾਂ ) 28 ਤੇ 29 ਮਈ (ਵੀਰਵਾਰ-ਸ਼ੁੱਕਰਵਾਰ) ਨੂੰ ਰੋਜ਼ੇ ਦੇ ਗੱਦੀ ਨਸ਼ੀਨ ਨਿਹਾਲ ਸਿੰਘ ਮਾਹਲ ਦੀ ਯੋਗ ਰਹਿਨੁਮਾਈ ਹੇਠ ਅਥਾਹ ਸ਼ਰਧਾ ਅਤੇ ਭਾਵਨਾ ਨਾਲ ਕਰਵਾਇਆ ਜਾ ਰਿਹਾ ਹੈ। ਮੇਲਾ ਪ੍ਰਬੰਧਕ ਤੇ ਸਿੱਧਮ ਦਵਾਖਾਨਾ ਤੇ ਆਸਟਰੋ ਰਿਸਰਚ ਸੈਂਟਰ (ਰਜਿ.) ਪੰਜਾਬ ਦੇ ਸੰਚਾਲਕ ਡਾ. ਵਿਜੇ ਕੁਮਾਰ ਸਿੱਧਮ ਨੇ ਦੱਸਿਆ ਕਿ ਮੇਲੇ ਸਬੰਧੀ ਨਿਹਾਲ ਸਿੰਘ ਮਾਹਲ ਡੇਰਾ ਮੁਖੀ ਦੀ ਅਗਵਾਈ ਹੇਠ ਮੀਟਿੰਗ ਕੀਤੀ ਗਈ ਜਿਸ ਵਿੱਚ ਮੇਲੇ ਨੂੰ ਅਥਾਹ ਜੋਸ਼ ਤੇ ਸੇਵਾ ਭਾਵਨਾ ਨਾਲ ਮਨਾਉਣ ਲਈ ਵਿਚਾਰਾਂ ਕੀਤੀਆਂ ਗਈਆਂ। ਉਹਨਾਂ ਦੱਸਿਆ ਕਿ 28 ਨੂੰ ਸ਼ਾਮ ਚਿਰਾਗ ਰੌਸ਼ਨ ਕਰਨ ਉਪਰੰਤ ਪ੍ਰਸਿੱਧ ਕੱਵਾਲ ਪਾਰਟੀਆਂ ਵਲੋਂ ਮਹਿਫਲ ਸਜਾਈ ਜਾਵੇਗੀ। 29 ਮਈ ਨੂੰ



ਸਵੇਰੇ ਝੰਡੇ ਦੀ ਰਸਮ ਉਪਰੰਤ ਪਵਿੱਤਰ ਦਰਗਾਹਾਂ 'ਤੇ ਪਰਿਕਰਮਾ ਕਰ ਕੇ ਚਾਦਰਾਂ ਚੜ੍ਹਾਈਆਂ ਜਾਣਗੀਆਂ। ਡਾ. ਸਿੱਧਮ ਨੇ ਅੱਗੇ ਦੱਸਿਆ ਕਿ ਧਾਰਮਿਕ ਰਸਮਾਂ ਉਪਰੰਤ ਸਵੇਰੇ ਠੀਕ 10 ਵਜੇ ਤੋਂ ਸ਼ਾਮ ਤੱਕ ਪੰਜਾਬ ਦੇ ਪ੍ਰਸਿੱਧ ਗਾਇਕਾ ਵਲੋਂ ਰੰਗ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ । ਇਸ ਮੌਕੇ ਸੰਤ-ਮਹਾਪੁਰਸ਼ ਸਮਾਜਿਕ ਤੇ ਧਾਰਮਿਕ ਸ਼ਖਸੀਅਤਾਂ ਵੀ ਹਾਜ਼ਰੀ ਭਰਨਗੀਆਂ। ਮੇਲੇ ਵਿੱਚ ਸੰਤ ਤਰਮਿੰਦਰ ਸਿੰਘ ਡੇਰਾ ਮੁਖੀ ਸੰਤ ਤਰਲੋਕ ਸਿੰਘ ਸਤਿਸੰਗ ਘਰ ਢੇਸੀਆਂ ਕਾਹਨਾਂ ਵਾਲੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ ਅਤੇ ਸੂਬੇਦਾਰ ਸਾਂਈ ਚਮਨ ਲਾਲ ਗੱਦੀ ਨਸ਼ੀਨ ਨੌਗੱਜਾ ਪੀਰ ਨੂਰਮਹਿਲ ਨਿਸ਼ਾਨ ਸਾਹਿਬ (ਝੰਡੇ) ਝੜਾਉਣ ਦੀ ਸੇਵਾ ਨਿਭਾਉਣਗੇ। ਦਾਤਾ ਅਲੀ ਅਹਿਮਦ ਸ਼ਾਹ ਕਾਦਰੀ ਜੀ ਦਰਬਾਰ ਦੇ ਗੱਦੀ ਨਸ਼ੀਨ ਬੀਬੀ ਤਾਰੋ ਜੀ ਸਾਵਰ ਵਿਸ਼ੇਸ਼ ਤੌਰ ਤੇ ਸ਼ਿਰਕਤ ਕਰਨਗੇ। ਮੇਲੇ ਵਿੱਚ ਹੋਰਨਾਂ ਤੋਂ ਇਲਾਵਾਂ ਵੱਖ ਵੱਖ ਦਰਬਾਰਾ ਦੇ ਸਾਂਈ ਹਾਜ਼ਰੀ ਭਰਨਗੇ। ਬਾਬਾ ਜੀ ਦਾ ਲੰਗਰ ਤੇ ਠੰਡੇ ਮਿੱਠੇ ਜਲ ਦੀਆਂ ਛਬੀਲਾਂ ਲਗਾਈਆਂ।

# ਵਿਦਿਆਰਥੀਆਂ ਦੀ ਸਹੂਲਤ ਲਈ ਪਿੰਡ ਪਦਰਾਣਾ ਵਿੱਚ ਖਾਲਸਾ ਕਾਲਜ ਮਾਹਿਲਪੁਰ ਦੇ ਦਾਖ਼ਲਾ ਕੇਂਦਰ ਦਾ ਉਦਘਾਟਨ

**ਹੁਸ਼ਿਆਰਪੁਰ /ਮਾਹਿਲਪੁਰ, 7 ਮਈ ( ਤਰਸੇਮ ਦੀਵਾਨਾ )** ਸ਼੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਵੱਲੋਂ ਨਵੇਂ ਸੈਸ਼ਨ 2026-27 ਵਿੱਚ ਦਾਖ਼ਲੇ ਸਬੰਧੀ ਗੜ੍ਹਸ਼ੰਕਰ ਤਹਿਸੀਲ ਦੇ ਪਿੰਡ ਪਦਰਾਣਾ ਵਿੱਚ ਵਿਦਿਆਰਥੀਆਂ ਦੀ ਕੈਰੀਅਰ ਸੇਧ ਅਤੇ ਕਾਊਂਸਲਿੰਗ ਦੀ ਸਹੂਲਤ ਲਈ ਅੱਜ ਵਿਸ਼ੇਸ਼ ਦਾਖ਼ਲਾ ਕੇਂਦਰ ਖੋਲ੍ਹਿਆ ਗਿਆ। ਇਸ ਮੌਕੇ ਬਲਾਕ ਸੰਮਤੀ ਮੈਂਬਰ ਸ ਪ੍ਰਿੰਸੀਪਲ ਸੁਰਜੀਤ ਕੁਮਾਰ, ਪਿੰਡ ਪਦਰਾਣਾ ਦੇ ਸਰਪੰਚ ਜਰਨੈਲ ਸਿੰਘ ਨੇ ਕਾਲਜ ਦੇ ਪ੍ਰਿੰਸੀਪਲ ਡਾ ਪਰਵਿੰਦਰ ਸਿੰਘ ਅਤੇ ਸਟਾਫ਼ ਦੀ ਹਾਜ਼ਰੀ ਵਿੱਚ ਇਸ ਦਾਖ਼ਲਾ ਕੇਂਦਰ ਦਾ ਉਦਘਾਟਨ ਕੀਤਾ। ਇਸ ਮੌਕੇ ਪ੍ਰਿੰਸੀਪਲ ਸੁਰਜੀਤ ਕੁਮਾਰ ਨੇ ਸਵਾਗਤੀ ਸ਼ਬਦ ਸਾਂਝੇ ਕੀਤੇ ਅਤੇ ਹਰ ਤਰਾਂ ਦੇ ਸਹਿਯੋਗ ਦਾ ਭਰੋਸਾ ਦਿੱਤਾ। ਪਿੰਡ ਦੇ ਸਰਪੰਚ ਜਰਨੈਲ ਸਿੰਘ ਨੇ ਵਿਦਿਆਰਥੀਆਂ ਨੂੰ ਆਪਣੇ ਭਵਿੱਖਮੁਖੀ ਕੋਰਸਾਂ ਦੀ ਚੋਣ ਲਈ ਸੈਂਟਰ ਵਿਚ ਆਉਣ ਦਾ ਸੱਦਾ ਦਿੱਤਾ। ਇਸ ਮੌਕੇ ਪ੍ਰਿੰਸੀਪਲ ਡਾ ਪਰਵਿੰਦਰ ਸਿੰਘ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਖਾਲਸਾ ਕਾਲਜ ਮਾਹਿਲਪੁਰ ਹਰ ਤਬਕੇ ਦੇ ਵਿਦਿਆਰਥੀਆਂ ਨੂੰ ਘੱਟ ਫੀਸਾਂ 'ਤੇ ਉਚੇਰੀ ਸਿੱਖਿਆ ਦੇ ਨਵੇਂ ਨਵੇਂ ਕੋਰਸਾਂ ਨਾਲ ਜੋੜਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਸਿੱਖਿਆ ਦੇ ਵਪਾਰੀਕਰਨ ਅਤੇ ਨਿੱਜੀਕਰਨ ਨੇ ਅੱਜ ਗਰੀਬ ਵਰਗ ਲਈ ਅਨੇਕਾਂ ਸੰਕਟ ਪੈਦਾ ਕਰ ਦਿੱਤੇ ਹਨ ਪਰ ਮਿਸ਼ਨਰੀ ਭਾਵਨਾ ਨਾਲ ਚੱਲ ਰਹੇ ਅਦਾਰੇ ਲੋੜਵੰਦ ਅਤੇ ਹੁਸ਼ਿਆਰ ਵਿਦਿਆਰਥੀਆਂ ਦੀ ਬਾਂਹ ਫੜ੍ਹਦੇ ਆਏ ਹਨ। ਉਨ੍ਹਾਂ ਕਿਹਾ ਕਿ ਕਾਲਜ ਵਿਚ ਲੋੜਵੰਦ ਅਤੇ ਹੁਸ਼ਿਆਰ



ਵਿਦਿਆਰਥੀਆਂ ਦੀ ਵਿਸ਼ੇਸ਼ ਆਰਥਿਕ ਮਦਦ, ਵੱਖ-ਵੱਖ ਵਜ਼ੀਫਾ ਰਾਸ਼ੀਆਂ ਸਮੇਤ ਆਧੁਨਿਕ ਸਹੂਲਤਾਂ ਵਿਦਿਆਰਥੀਆਂ ਦੇ ਰੌਸ਼ਨ ਭਵਿੱਖ ਲਈ ਮਦਦਗਾਰ ਹੋ ਰਹੀਆਂ ਹਨ ਅਤੇ ਸੰਸਥਾ ਵਿਚ ਅਨੇਕ ਨਵੇਂ ਕੋਰਸ ਆਰੰਭ ਕੀਤੇ ਗਏ ਹਨ। ਉਨ੍ਹਾਂ ਇਲਾਕੇ ਦੇ ਵਿਦਿਆਰਥੀਆ ਨੂੰ ਇਸ ਦਾਖ਼ਲਾ ਕੇਂਦਰ ਵਿੱਚ ਆ ਕੇ ਆਪਣੀ ਚੋਣ ਅਨੁਸਾਰ ਵੱਖ-ਵੱਖ ਕੋਰਸਾਂ ਸਬੰਧੀ ਜਾਣਕਾਰੀ ਲੈਣ ਦੀ ਅਪੀਲ ਕੀਤੀ। ਅੰਤ ਵਿੱਚ ਡਾ ਜੇ ਬੀ ਸੇਖੋਂ ਨੇ ਪਿੰਡ ਦੀ ਪੰਚਾਇਤ ਅਤੇ ਹਾਜ਼ਰ ਵਸਨੀਕਾਂ ਲਈ ਧੰਨਵਾਦੀ ਸ਼ਬਦ ਸਾਂਝੇ ਕੀਤੇ। ਇਸ ਮੌਕੇ ਜਗਦੀਪ ਰਾਣਾ, ਸੰਦੀਪ ਕੁਮਾਰ, ਦੀਪਕ ਰਾਣਾ,ਰਵਿੰਦਰ ਰਾਣਾ,ਜਗਦੀਪ ਸਿੰਘ, ਜਸਵੀਰ ਸਿੰਘ, ਪ੍ਰੋ ਜਸਵਿੰਦਰ ਸਿੰਘ, ਡਾ ਵਰਿੰਦਰ, ਪ੍ਰੋ ਪੰਕਜ ਕੁਮਾਰ, ਡਾ ਬਲਵੀਰ ਕੌਰ, ਡਾ ਰਾਕੇਸ਼ ਕੁਮਾਰ, ਪ੍ਰੋ ਰਾਜਵਿੰਦਰ ਕੌਰ, ਡਾ ਪ੍ਰਭਜੋਤ ਕੌਰ, ਪ੍ਰੋ ਰੋਹਿਤ ਪੁਰੀ,ਪ੍ਰੋ ਕੰਚਨ ਸਮੇਤ ਅਨੇਕਾਂ ਪਿੰਡ ਵਾਸੀ ਹਾਜ਼ਰ ਸਨ।

# 'ਅਨੀਮੀਆ' ਮੁਕਤ ਭਾਰਤ ਅਭਿਆਨ ਤਹਿਤ ਕੈਂਪ ਆਯੋਜਿਤ

**ਫਿਲੌਰ/ਅੱਪਰਾ, 7 ਮਈ (ਦੀਪਾ)**- ਅੱਜ ਸਰਕਾਰੀ ਹਾਈ ਸਮਾਰਟ ਸਕੂਲ ਅੱਪਰਾ ਵਿਖੇ ਸੀ ਐਚ ਸੀ ਬੜਾ ਪਿੰਡ ਵੱਲੋਂ ਸੀ ਐਚ ਓ (ਤੁਰਾਂ)ਮਨਪ੍ਰੀਤ ਕੌਰ ਅਤੇ ਆਸ਼ਾ ਵਰਕਰ ਪਰਮਿੰਦਰ ਕੌਰ ਦੀ ਯੋਗ ਅਗਵਾਈ ਵਿੱਚ ਤੇ ਸਕੂਲ ਮੁਖੀ ਜਸਪਾਲ ਸੰਧੂ ਦੇ ਸਹਿਯੋਗ ਨਾਲ "ਅਨੀਮੀਆ" ਮੁਕਤ ਭਾਰਤ ਅਭਿਆਨ ਤਹਿਤ ਕੈਂਪ ਲਾਇਆ ਗਿਆ। ਇਸ ਕੈਂਪ ਵਿੱਚ ਸਕੂਲ ਵਿੱਚ ਪੜ੍ਹਦੀਆਂ 10 ਸਾਲ ਤੋਂ 18 ਸਾਲ ਦੀਆਂ ਲੜਕੀਆਂ ਦਾ ਐਚ ਬੀ ਚੈੱਕ ਕੀਤਾ ਗਿਆ। ਲੜਕੀਆਂ ਨੂੰ ਸਿਹਤ ਸਟਾਫ ਵੱਲੋਂ ਖੂਨ ਵਿੱਚ ਹੀਮੋਗਲੋਬਨ ਤੱਤ ਦੀ ਘਾਟ ਸਬੰਧੀ ਹੋਣ ਵਾਲੀਆਂ ਬਿਮਾਰੀਆਂ ਅਤੇ ਉਹਨਾਂ ਦੇ ਇਲਾਜ ਬਾਰੇ ਚਾਨਣਾ ਪਾਇਆ। ਸਕੂਲ ਮੁਖੀ ਜਸਪਾਲ ਸੰਧੂ ਨੇ ਸਿਹਤ ਵਿਭਾਗ ਦੇ ਸਟਾਫ ਦਾ ਧੰਨਵਾਦ ਕੀਤਾ। ਇਸ ਮੌਕੇ ਮਨਦੀਪ ਸਿੰਘ, ਹਰਜੀਤ ਸਿੰਘ, ਨੀਰੂ ਬਾਲਾ, ਰਵਿੰਦਰ ਸਿੰਘ, ਅਮਨਦੀਪ ਕੌਰ ਅਤੇ ਗੁਰਨਾਮ ਸਿੰਘ ਆਦਿ ਹਾਜ਼ਰ ਸਨ।



# ਮਿੱਟੀ ਬਣਨ ਤੋਂ ਪਹਿਲਾਂ ਮਨੁੱਖਤਾ ਦੇ ਕੰਮ ਆਵੇ ਮ੍ਰਿਤਕ ਸਰੀਰ : ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਦੀ ਜ਼ਿਲ੍ਹਾ ਨਿਵਾਸੀਆਂ ਨੂੰ ਅਪੀਲ

**●"ਮੌਤ ਅੰਤ ਨਹੀਂ, ਮਨੁੱਖਤਾ ਦੀ ਸੇਵਾ ਲਈ ਬਣ ਸਕਦੀ ਹੈ ਨਵੀਂ ਸ਼ੁਰੂਆਤ" ● ਦੇਹਦਾਨੀ ਜਸਪਾਲ ਸਿੰਘ ਬਣੇ ਸਮਾਜ ਲਈ ਪ੍ਰੇਰਣਾ ਸਰੋਤ, ਸਿਵਲ ਸਰਜਨ ਨੇ ਸੌਂਪਿਆ 'ਦੇਹਦਾਨ ਕਾਰਡ' ● ਦੋਆਬਾ ਸੇਵਾ ਸਮਿੱਤੀ, ਨਵਾਂਸ਼ਹਿਰ ਨੇ ਪ੍ਰੇਰਿਤ ਕਰਕੇ ਤਿਆਰ ਕੀਤਾ 146ਵਾਂ ਦੇਹਦਾਨੀ**


**ਨਵਾਂਸ਼ਹਿਰ, 07 ਮਈ (ਮਨੋਰੰਜਨ ਕਾਲੀਆ )** ਇਸ ਮੌਕੇ ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਨੇ ਕਿਹਾ ਕਿ ਦੇਹਦਾਨ ਮਨੁੱਖਤਾ ਦੀ ਭਲਾਈ ਲਈ ਇਕ ਮਹਾਨ ਅਤੇ ਪੁੰਨ ਦਾ ਕਾਰਜ ਹੈ। ਉਨ੍ਹਾਂ ਕਿਹਾ ਕਿ ਆਧੁਨਿਕ ਡਾਕਟਰੀ ਸਿੱਖਿਆ ਵਿੱਚ ਮ੍ਰਿਤਕ ਦੇਹਾਂ ਤੋਂ ਬਿਨਾਂ ਮਨੁੱਖੀ ਸਰੀਰ ਦੀ ਡੂੰਘੀ ਸਮਝ ਸੰਭਵ ਨਹੀਂ ਹੈ। ਉਨ੍ਹਾਂ ਦੱਸਿਆ ਕਿ ਮ੍ਰਿਤਕ ਦੇਹਾਂ ਦੇ ਵੱਖ-ਵੱਖ ਅੰਗ ਲੋੜਵੰਦ ਮਰੀਜ਼ਾਂ ਦੇ ਕੰਮ ਆ ਸਕਦੇ ਹਨ ਅਤੇ ਮੈਡੀਕਲ ਖੋਜ ਲਈ ਵੀ ਇਹ ਬਹੁਮੁੱਲਾ ਯੋਗਦਾਨ ਸਾਬਤ ਹੁੰਦੀਆਂ ਹਨ। ਉਨ੍ਹਾਂ ਕਿਹਾ ਕਿ ਐੱਮ.ਬੀ.ਬੀ.ਐੱਸ. ਅਤੇ ਹੋਰ ਡਾਕਟਰੀ ਕੋਰਸਾਂ ਦੀ ਪੜ੍ਹਾਈ ਕਰਨ ਵਾਲੇ ਵਿਦਿਆਰਥੀਆਂ ਲਈ ਮਨੁੱਖੀ ਸਰੀਰ ਦੀ ਬਣਤਰ ਅਤੇ ਅੰਗਾਂ ਦੀ ਕਾਰਗੁਜ਼ਾਰੀ ਨੂੰ ਸਮਝਣ ਲਈ ਮ੍ਰਿਤਕ ਦੇਹ ਦੀ ਬਹੁਤ ਜ਼ਰੂਰਤ ਹੁੰਦੀ ਹੈ। ਦੇਹ ਦੀ ਉਪਲੱਬਧਤਾ ਨਾਲ ਵਿਦਿਆਰਥੀ ਮਨੁੱਖੀ ਸਰੀਰ ਦੇ ਹਰ ਅੰਗ ਨੂੰ ਬਰੀਕੀ ਨਾਲ ਸਮਝ ਸਕਦੇ ਹਨ, ਜਿਸ ਨਾਲ ਉਹ ਭਵਿੱਖ ਵਿੱਚ ਹੋਰ ਨਿਪੁੰਨ ਅਤੇ ਕਾਬਿਲ ਡਾਕਟਰ ਬਣਦੇ ਹਨ। ਸਿਵਲ ਸਰਜਨ ਨੇ ਕਿਹਾ ਕਿ ਜੇਕਰ ਕੋਈ ਵਿਅਕਤੀ ਦੇਹਦਾਨ ਕਰਨਾ ਚਾਹੁੰਦਾ ਹੈ ਤਾਂ ਉਸ ਨੂੰ ਦੇਹਦਾਨ ਫਾਰਮ ਭਰਨਾ ਹੁੰਦਾ ਹੈ ਅਤੇ ਆਪਣੇ ਪਰਿਵਾਰ ਨੂੰ ਇਸ ਸਬੰਧੀ ਜਾਣੂ ਕਰਵਾਉਣਾ ਲਾਜ਼ਮੀ ਹੁੰਦਾ ਹੈ, ਤਾਂ ਜੋ ਮੌਤ ਮਗਰੋਂ ਉਸ ਦੀ ਇੱਛਾ ਅਨੁਸਾਰ ਦੇਹਦਾਨ ਕੀਤਾ ਜਾ ਸਕੇ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ



ਅਪੀਲ ਕੀਤੀ ਕਿ ਉਹ ਇਸ ਨੇਕ ਅਤੇ ਮਨੁੱਖਤਾ ਭਰੇ ਕਾਰਜ ਨਾਲ ਜੁੜ ਕੇ ਮਰਨ ਉਪਰੰਤ ਵੀ ਸਮਾਜ ਦੀ ਸੇਵਾ ਕਰਨ ਦਾ ਪ੍ਰਣ ਲੈਣ। ਇਸ ਮੌਕੇ ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਨੇ ਦੋਆਬਾ ਸੇਵਾ ਸਮਿੱਤੀ, ਨਵਾਂਸ਼ਹਿਰ ਦੇ ਜਨਰਲ ਸਕੱਤਰ ਰਤਨ ਕੁਮਾਰ ਜੈਨ, ਮਾਸਟਰ ਹੁਸਨ ਲਾਲ, ਸੇਵਾਮੁਕਤ ਬੈਂਕ ਮੈਨੇਜਰ ਅਸ਼ੋਕ ਸ਼ਰਮਾ, ਸੇਵਾ-ਮੁਕਤ ਸੁਪਰਡੈਂਟ ਅਸ਼ੋਕ ਸ਼ਰਮਾ ਸਮੇਤ ਹੋਰ ਅਹੁਦੇਦਾਰਾਂ ਅਤੇ ਮੈਂਬਰਾਂ ਦਾ ਇਸ ਸੇਵਾ ਵਿੱਚ ਵੱਡਮੁੱਲਾ ਯੋਗਦਾਨ ਪਾਉਣ ਲਈ ਤਹਿ ਦਿਲੋਂ ਧੰਨਵਾਦ ਕੀਤਾ। ਦੋਆਬਾ ਸੇਵਾ ਸਮਿੱਤੀ ਦੇ ਜਨਰਲ ਸਕੱਤਰ ਰਤਨ ਕੁਮਾਰ ਜੈਨ ਨੇ ਦੱਸਿਆ ਕਿ ਉਨ੍ਹਾਂ ਦੀ ਸੰਸਥਾ ਵੱਲੋਂ ਹੁਣ ਤੱਕ 146 ਲੋਕਾਂ ਨੂੰ ਮਰਨ ਉਪਰੰਤ ਦੇਹਦ-ਾਨ ਲਈ ਪ੍ਰੇਰਿਤ ਕੀਤਾ ਜਾ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਸੰਸਥਾ ਵੱਲੋਂ ਸਵੈ-ਇੱਛੁੱਕ ਲੋਕਾਂ ਦੇ ਦੇਹਦਾਨ ਫਾਰਮ ਭਰੇ ਜਾਂਦੇ ਹਨ ਅਤੇ ਇਹ ਫਾਰਮ ਸਰਕਾਰੀ ਮੈਡੀਕਲ ਕਾਲਜ ਜਲੰਧਰ ਜਾਂ ਅੰਮ੍ਰਿਤਸਰ ਭੇਜੇ ਜਾਂਦੇ ਹਨ, ਜਿੱਥੋਂ ਦੇਹਦਾਨੀਆਂ ਦੇ ਪਛਾਣ-ਕਾਰਡ ਜਾਰੀ ਕੀਤੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਜੇਕਰ ਕੋਈ ਵਿਅਕਤੀ ਆਪਣੀ ਦੇਹਦਾਨ ਕਰਨਾ ਚਾਹੁੰਦਾ ਹੈ ਤਾਂ ਉਹ ਸੰਸਥਾ ਨਾਲ ਸੰਪਰਕ ਕਰ ਸਕਦਾ ਹੈ। ਦੇਹਦਾਨੀ ਜਸਪਾਲ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਆਪਣੀ ਪਤਨੀ ਸਰੋਜਾ ਬਾਲਾ ਅਤੇ ਧੀਆਂ ਸਮਨਪ੍ਰੀਤ ਕੌਰ ਤੇ ਕਿਰਨਦੀਪ ਕੌਰ ਦੀ ਸਹਿਮਤੀ ਨਾਲ ਦੇਹਦਾਨ ਕਰਨ ਦਾ ਫੈਸਲਾ ਲਿਆ ਹੈ। ਉਨ੍ਹਾਂ ਕਿਹਾ ਕਿ ਮੌਤ ਤੋਂ ਬਾਅਦ ਮਨੁੱਖੀ ਸਰੀਰ ਮਿੱਟੀ ਵਿੱਚ ਮਿਲ ਜਾਣਾ ਹੁੰਦਾ ਹੈ, ਪਰ ਜੇਕਰ ਉਸ ਦੀ ਦੇਹ ਕਿਸੇ ਵਿਦਿਆਰਥੀ ਦੀ ਪੜ੍ਹਾਈ ਅਤੇ ਖੋਜ ਲਈ ਸਹਾਇਕ ਬਣ ਕੇ ਭਵਿੱਖ ਵਿੱਚ ਕਿਸੇ ਦੀ ਜ਼ਿੰਦਗੀ ਬਚਾਉਣ ਦਾ ਕਾਰਨ ਬਣੇ, ਤਾਂ ਇਸ ਤੋਂ ਵੱਡੀ ਸੇਵਾ ਹੋਰ ਕੋਈ ਨਹੀਂ ਹੋ ਸਕਦੀ। ਇਸ ਮੌਕੇ ਡਿਪਟੀ ਮੈਡੀਕਲ ਕਮਿਸ਼ਨਰ ਡਾ. ਹਰਪ੍ਰੀਤ ਸਿੰਘ, ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਡਾ. ਹਰੀਸ਼ ਕਿਰਪਾਲ, ਡਾ. ਰਮਨ ਕੁਮਾਰ ਸਮੇਤ ਹੋਰ ਅਧਿਕਾਰੀ ਅਤੇ ਪਤਵੰਤੇ ਵੀ ਮੌਜੂਦ ਸਨ।

# ਨਕੋਦਰ ਵਿਖੇ ਮਾਨਵ ਏਕਤਾ ਦਿਵਸ ਨੂੰ ਸਮਰਪਿਤ ਵਿਸ਼ੇਸ਼ ਖੂਨਦਾਨ ਕੈਂਪ 10 ਮਈ ਨੂੰ

**ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਮਾਨਵਤਾ ਦੀ ਸੇਵਾ ਨੂੰ ਮੁੱਖ ਰੱਖਦਿਆਂ 'ਮਾਨਵ ਏਕਤਾ ਦਿਵਸ' ਦੇ ਸਬੰਧ ਵਿੱਚ ਸੰਤ ਨਿਰੰਕਾਰੀ ਸਤਿਸੰਗ ਭਵਨ, ਨਕੋਦਰ ਵਿਖੇ ਇੱਕ ਵਿਸ਼ੇਸ਼ ਖੂਨਦਾਨ ਕੈਂਪ ਲਗਾਇਆ ਜਾ ਰਿਹਾ ਹੈ। ਇਹ ਕੈਂਪ 10 ਮਈ, ਦਿਨ ਐਤਵਾਰ ਨੂੰ ਸਵੇਰੇ 9 ਵਜੇ ਤੋਂ ਦੁਪਹਿਰ 12 ਵਜੇ ਤੱਕ ਚੱਲੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਬੰਧਕਾਂ ਨੇ ਦੱਸਿਆ ਕਿ ਸੰਤ ਨਿਰੰਕਾਰੀ ਮਿਸ਼ਨ ਵੱਲੋਂ ਹਰ ਸਾਲ ਮਾਨ-ਵਤਾ ਦੇ ਭਲੇ ਲਈ ਅਜਿਹੇ ਕੈਂਪ



ਲਗਾਏ ਜਾਂਦੇ ਹਨ। ਇਸ ਕੈਂਪ ਦੌਰਾਨ ਇਕੱਤਰ ਕੀਤਾ ਗਿਆ ਖੂਨ ਲੋੜਵੰਦ ਮਰੀਜ਼ਾਂ ਦੀ ਜਾਨ ਬਚਾਉਣ ਲਈ ਵਰਤਿਆ ਜਾਵੇਗਾ। ਉਨ੍ਹਾਂ ਸਮੂਹ ਇਲਾਕਾ ਨਿਵਾਸੀਆਂ ਅਤੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਇਸ ਨੇਕ ਕਾਰਜ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਣ ਅਤੇ ਖੂਨਦਾਨ ਕਰਕੇ ਮਾਨਵਤਾ ਦੀ ਸੇਵਾ ਵਿੱਚ ਆਪਣਾ ਯੋਗਦਾਨ ਪਾਉਣ। ਕੈਂਪ ਦੌਰਾਨ ਮਾਹਿਰ ਡਾਕਟਰਾਂ ਦੀ ਟੀਮ ਵੱਲੋਂ ਖੂਨ ਇਕੱਤਰ ਕੀਤਾ ਜਾਵੇਗਾ ਅਤੇ ਖੂਨਦਾਨੀਆਂ ਦੀ ਸਹੂਲਤ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ।

# ਨਹਿਰੀ ਸਬ ਡਵੀਜ਼ਨ ਬਣਾਉਣ ਲਈ ਕੈਬਨਿਟ ਮੰਤਰੀ ਐਡਵੋਕੇਟ ਚੀਮਾ ਦਾ ਧੰਨਵਾਦ ਕੀਤਾ

## ਮਾਨਸਾ, ਸੰਗਰੂਰ ਦੇ ਕਿਸਾਨਾਂ ਨੂੰ ਮਿਲੀ ਵੱਡੀ ਰਾਹਤ

**ਮਾਨਸਾ ਸੰਗਰੂਰ (ਹਰਜਿੰਦਰ ਪਾਲ ਛਾਬੜਾ)** ਪੰਜਾਬ ਸਰਕਾਰ ਵੱਲੋਂ ਕਿਸਾਨਾਂ ਨੂੰ ਜਿੱਥੇ ਨਹਿਰੀ ਪਾਣੀ ਦੀ ਸਹੂਲਤ ਲਈ ਲਗਾਤਾਰ ਸੀਵਰੇਜ ਪ੍ਰਬੰਧਾ ਦਾ ਉਪਰਾਲਾ ਕੀਤਾ ਜਾ ਰਿਹਾ ਹੈ ਉਥੇ ਹੀ ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਕਿਸਾਨਾਂ ਦੀ ਵੱਡੀ ਮੁਸਕਿਲ ਨੂੰ ਹੱਲ ਕਰਦਿਆਂ ਨਹਿਰੀ ਵਿਭਾਗ ਦੀ ਸਬ ਡਵੀਜ਼ਨ ਸੂਲਰ ਘਰਾਟ ਬਣਾਈ ਗਈ ਹੈ । ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਸਿੱਧ ਕੁਮੈਂਟੇਟਰ ਸਤਪਾਲ ਸਿੰਘ ਖੜਿਆਲ ਨੇ ਦੱਸਿਆ ਕਿ ਪਿਛਲੇ ਸਮੇਂ ਵਿੱਚ ਮਾਨਸਾ ਸਰਦੂਲਗੜ੍ਹ ਦੇ ਕਿਸਾਨਾਂ ਨੇ ਇਹ ਮਸਲਾ ਉਹਨਾਂ



ਦੇ ਧਿਆਨ ਵਿੱਚ ਲਿਆਂਦਾ ਸੀ ਕਿ ਉਨ੍ਹਾਂ ਨੂੰ ਆਪਣੇ ਨਹਿਰੀ ਮਹਿਕਮੇ ਨਾਲ ਸਬੰਧਤ ਕਿਸੇ ਵੀ ਕੰਮ ਲਈ ਪਟਿਆਲਾ ਜਾਣਾ ਪੈਂਦਾ ਹੈ ਜਿਸ ਕਾਰਨ ਉਨ੍ਹਾਂ ਨੂੰ ਬੜੀ ਮੁਸ਼ਕਿਲ ਆਉਂਦੀ ਹੈ । ਇਸ ਨਾਲ ਉਨ੍ਹਾਂ ਦੀ ਬਹੁਤ ਖੱਜਲ ਖੁਆਰੀ ਹੁੰਦੀ ਸੀ । ਜਦੋਂ ਇਸ ਬਾਰੇ ਮਾਣਯੋਗ ਮੰਤਰੀ ਚੀਮਾਂ ਜੀ ਜਾਣੂ ਕਰਵਾਇਆ ਤਾਂ ਉਨ੍ਹਾਂ ਤੁਰੰਤ ਵਿਭਾਗ ਦੇ ਸਕਤਰ ਸ੍ਰੀ ਕ੍ਰਿਸ਼ਨ ਕੁਮਾਰ ਜੀ ਨੂੰ ਜਾਣੂ ਕਰਵਾਇਆ ਤਾ ਉਨ੍ਹਾਂ ਨੇ ਪਹਿਲ ਦੇ ਆਧਾਰ ਤੇ ਕਿਸਾਨਾਂ ਦੀ ਇਸ ਮੁਸਕਿਲ ਨੂੰ ਹੱਲ ਕਰਨ ਲਈ ਇਕ ਸਬ ਡਵੀਜ਼ਨ ਸੂਲਰ ਘਰਾਟ ਬਣਾਉਣ ਦਾ ਫ਼ੈਸਲਾ ਕੀਤਾ ਹੈ । ਇਸ ਨਾਲ ਕਿਸਾਨਾਂ ਨੂੰ ਵੱਡੀ ਰਾਹਤ ਮਿਲੀ ਹੈ । ਜੋ ਕਿ ਬਹੁਤ ਹੀ ਮਹੱਤਵਪੂਰਨ ਕਦਮ ਹੈ । ਇਸ ਮੌਕੇ ਸਮੂਹ ਕਿਸਾਨ ਵੀਰਾਂ ਵਲੋ ਮਾਣਯੋਗ ਮੰਤਰੀ ਦਾ ਧੰਨਵਾਦ ਕੀਤਾ ਗਿਆ ।

# ਚੌਥੀ ਸਬ ਜੂਨੀਅਰ ਸਸਟੋਬਾਲ ਚੈਪੀਅਨਸ਼ਿੱਪ ਉੱਤੇ ਪੰਜਾਬ ਦੇ ਮੁੰਡਿਆਂ ਨੇ ਕੀਤੀ ਦੂਜੀ ਪੁਜ਼ੀਸ਼ਨ ਹਾਸਿਲ

**ਦਿੜ੍ਹਬਾ ਮੰਡੀ, 07 ਮਈ (ਹਰਜਿੰਦਰ ਪਾਲ ਛਾਬੜਾ)** ਹੈਦਰਾਬਾਦ ਵਿਖੇ ਖੇਡੀ ਜਾ ਰਹੀ ਚੌਥੀ ਸਬ ਜੂਨੀਅਰ ਸਸਟੋਬਾਲ ਚੈਪੀਅਨਸ਼ਿਪ ਦੇ ਫਾਈਨਲ ਮੁਕ-ਾਬਲੇ ਦੌਰਾਨ ਅੱਜ ਪੰਜਾਬ ਦੇ ਮੁੰਡਿਆਂ ਨੇ ਦੂਜੀ ਪੁਜੀਸ਼ਨ ਹਾਸਲ ਕੀਤੀ ਹੈ । ਇਸ ਮੌਕੇ ਜਾਣਕਾਰੀ ਦਿੰਦਿਆਂ ਆਲ ਇੰਡੀਆ ਸਸਟੋਬਾਲ ਫੈਡਰੇਸ਼ਨ ਦੇ ਪ੍ਰਧਾਨ ਬਲਵਿੰਦਰ ਸਿੰਘ ਧਾਲੀਵਾਲ ਨੇ ਦੱਸਿਆ ਕਿ ਪੰਜਾਬ ਦੇ ਮੁੰਡਿਆਂ ਨੇ ਆਸ ਮੁਤਾਬਿਕ ਆਪਣਾ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਜਿੱਥੇ ਆਪਣੇ ਪਹਿਲੇ ਮੈਚ ਵਿੱਚ ਹਰਿਆਣਾ ਨੂੰ ਹਰਾਇਆ ਉੱਥੇ ਦੂਜੇ ਮੈਚ ਵਿੱਚ ਉੜੀਸਾ ਫੇਰ ਪਾਂਡੇਚੁਰੀ ਫੇਰ ਅੰਡੇਮਾਨ ਦੀਪ ਸਮੂਹ , ਆਂਧਰਾ ਪ੍ਰਦੇਸ਼ ਅਤੇ ਸੈਮੀਫਾਈਨਲ ਵਿੱਚ ਕੇਰਲਾ ਨੂੰ ਹਰਾਇਆ । ਜਦਕਿ ਫਾਈਨਲ ਮੁਕਾਬਲਾ ਕਰਨਾਟਕਾ




ਨਾਲ ਖੇਡਿਆ ਗਿਆ । ਫਾਈਨਲ ਮੁਕਾਬਲੇ ਵਿੱਚ ਪੰਜਾਬ ਨੇ ਦੂਜਾ ਸਥਾਨ ਹਾਸਲ ਕੀਤਾ ਹੈ । ਉਹਨਾਂ ਖੁਸ਼ੀ ਜਾਹਿਰ ਕੀਤੀ ਕਿ ਪੰਜਾਬ ਦੇ ਖਿਡਾਰੀਆਂ ਨੇ ਬਹੁਤ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ । ਇਸ ਮੌਕੇ ਪੰਜਾਬ ਸਸਟੋਬਾਲ ਐਸੋਸੀਏਸ਼ਨ ਦੇ ਜਰਨਲ ਸਕੱਤਰ ਬਲਵਿੰਦਰ ਸਿੰਘ ਧਾਲੀਵਾਲ, ਪ੍ਰਧਾਨ ਹਰਵਿੰਦਰ ਸਿੰਘ ਕਾਲਾ, ਸੀਨੀਅਰ ਵਾਈਸ ਪ੍ਰਧਾਨ ਡਾ ਮੱਘਰ ਸਿੰਘ ਸਿਹਾਲ,ਖ਼ਜ਼ਾਨਚੀ ਸੁਖਰਾਜ ਸਿੰਘ ਮਾਨ, ਰਿਸ਼ੀ ਪਾਲ ਖੈਰਾ, ਦਵਿੰਦਰ ਸਿੰਘ ਪਸੋਰ, ਹਰਪਾਲ ਸਿੰਘ ਖੜਿਆਲ, ਹੀਰਾ ਸਿੰਘ ਸਤੌਜ, ਬਲਜੀਤ ਸਿੰਘ ਮਾਨ, ਭੁਪਿੰਦਰ ਸਿੰਘ ਪਟਵਾਰੀ, ਬਲਜੀਤ ਸਿੰਘ ਢੀਂਡਸਾ, ਫ਼ਤਿਹਪਾਲ ਸਿੰਘ ਸਿੱਧੂ ਬਠਿੰਡਾ, ਰਮਨ ਬਰਨਾਲਾ, ਵਿੱਕੀ ਅਬਦਾਲ, ਜੋਤੀ ਸਰਪੰਚ ਰੱਤਾ ਖੇੜਾ, ਸਤਪਾਲ ਸਿੰਘ ਖੜਿਆਲ ਨੇ ਪੰਜ਼ਾਬ ਟੀਮ ਦੇ ਖਿਡਾਰੀਆਂ ਨੂੰ ਵਧਾਈ ਦਿੱਤੀ ।

# ਕਣਕ ਦੀ ਨਾੜ ਨੂੰ ਅੱਗ ਨਾ ਲਗਾਉਣ ਕਿਸਾਨ- ਮੁੱਖ ਖੇਤੀਬਾੜੀ ਅਫਸਰ ਡਾ. ਲੇਖ ਰਾਜ ਮਾਹੀ

**ਨਵਾਂ ਸ਼ਹਿਰ : 7 ਮਈ (ਮਨੋਰੰਜਨ ਕਾਲੀਆ )** ਹਾੜ੍ਹੀ 2026 ਸੀਜਨ ਦੌਰਾਨ ਕਣਕ ਦੀ ਵਾਢੀ ਦਾ ਕੰਮ ਲਗਭਗ ਖਤਮ ਹੋ ਚੁੱਕਾ ਹੈ। ਇਸ ਦੇ ਨਾਲ ਹੀ ਕਣਕ ਦੀ ਨਾੜ ਨੂੰ ਅੱਗ ਲੱਗਣ ਤੋਂ ਰੋਕਣ ਦੀ ਮੁਹਿੰਮ ਵੀ ਤੇਜ਼ੀ ਨਾਲ ਜਿਲੇ ਵਿੱਚ ਚਲਾਈ ਜਾ ਰਹੀ ਹੈ ਜਿਸ ਅਧੀਨ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਆਈ.ਈ.ਸੀ. ਐਕਟੀਵਿਟੀਜ਼ ਅਧੀਨ ਪਿੰਡ ਪੱਧਰੀ ਕੈਂਪ ,ਵੈਨ ਕੈਮਪੇਨਿੰਗ, ਨੁੱਕੜ ਨਾਟਕ ਆਦਿ ਕਰਵਾਏ ਜਾ ਰਹੇ ਹਨ। ਇਸ ਸਬੰਧੀ ਡਾ. ਲੇਖ ਰਾਜ ਮਾਹੀ, ਮੁੱਖ ਖੇਤੀਬੜੀ ਅਫਸਰ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਪਿੰਡ ਸੌਣਾ ਬਲਾਕ ਨਵਾਂਸ਼ਹਿਰ ਵਿਖੇ ਫੀਲਡ ਵਿਜਿਟ ਕੀਤੀ ਗਈ। ਉਹਨਾਂ ਵੱਲੋਂ ਦੱਸਿਆ ਗਿਆ ਕਿ ਜ਼ਿਲ੍ਹੇ ਵਿੱਚ ਬੇਲਰ ਮਸ਼ੀਨ ਰਾਹੀਂ ਕਣਕ ਦੀ ਨਾੜ ਦੀਆਂ ਗੰਡਾਂ ਬਣਾਈਆਂ ਜਾ ਰਹੀਆਂ ਹਨ। ਉਹਨਾਂ ਵੱਲੋਂ ਜਾਣਕਾਰੀ ਦਿੱਤੀ ਗਈ ਕਿ ਜਿਲ੍ਹੇ ਵਿੱਚ ਕੁੱਲ 129 ਬੇਲਰ ਸਬਸਿਡੀ ਤੇ ਮੁਹਈਆ ਕਰਵਾਏ ਗਏ ਹਨ ਅਤੇ ਇਹਨਾਂ ਮਸ਼ੀਨਾਂ ਦਾ ਇਸਤੇਮਾਲ ਕਰਕੇ ਕਿਸਾਨ ਕਣਕ ਦੀਆਂ ਗੰਡਾਂ ਬਣਵਾਉਣ ਜਾਂ ਫਿਰ ਕਣਕ ਦੀ ਨਾੜ ਦੀ ਤੂੜੀ ਬਣਾ ਕੇ ਇਸ ਨੂੰ ਵੇਚ ਸਕਦੇ ਹਨ। ਉਨਾਂ ਵੱਲੋਂ ਜਿਲੇ ਦੇ ਸਮੂਹ ਕਿਸਾਨਾਂ ਨੂੰ ਅਪੀਲ ਕੀਤੀ ਗਈ ਕਿ ਕੋਈ ਵੀ ਕਿਸਾਨ ਕਣਕ ਦੀ ਨਾੜ ਨੂੰ ਅੱਗ ਨਾ ਲਗਾਵੇ ਅਤੇ ਮਸ਼ੀਨਰੀ ਨਾਲ ਇਸ ਦੀ ਸਾਂਭ ਸੰਭਾਲ ਬਹੁਤ ਸੁਚੱਜੇ ਢੰਗ ਨਾਲ ਕੀਤੀ ਜਾ ਸਕਦੀ ਹੈ। ਉਹਨਾਂ ਵੱਲੋਂ ਦੱਸਿਆ ਗਿਆ ਕਿ ਮਾਨਯੋਗ ਚੇਅਰਪਰਸਨ ਏਅਰ ਕੁਆਲਿਟੀ ਮੈਨੇਜਮੈਂਟ ਇੰਡੈਕਸ, ਨਵੀਂ ਦਿੱਲੀ ਵੱਲੋਂ ਇਸ ਸਬੰਧੀ ਰਿਵਿਊ ਕੀਤਾ ਜਾ ਰਿਹਾ ਹੈ ਅਤੇ ਜੇਕਰ ਕੋਈ ਵੀ ਕਿਸਾਨ ਕਣਕ ਦੀ ਨਾੜ ਨੂੰ ਅੱਗ ਲਗਾਉਂਦਾ ਹੈ ਤਾਂ ਉਸ ਤੇ ਬਣਦੀ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਤੇ ਡਾ. ਕੁਲਵਿੰਦਰ ਕੌਰ ਸਹਾਇਕ ਪੌਦ ਸੁਰੱਖਿਆ ਅਫਸਰ, ਇੰਜ. ਚੰਦਨ ਸ਼ਰਮਾ ਸਹਾਇਕ ਖੇਤੀਬਾੜੀ ਇੰਜੀਨੀਅਰ ਸੰਦ, ਵਰਿੰਦਰ ਕੁਮਾਰ ਅਤੇ ਹੋਰ ਕਿਸਾਨ ਹਾਜ਼ਰ ਸਨ।

# ਜਿਲ੍ਹਾ ਰੋਜ਼ਗਾਰ ਅਤੇ ਕਾਰੋਵਾਰ ਬਿਊਰੋ ਵਲੋਂ ਕੌਂਸਲਿੰਗ ਪ੍ਰੋਗਰਾਮ ਆਯੋਜਿਤ

**ਨਵਾਂ ਸ਼ਹਿਰ 7 ਮਈ (ਮਨੋਰੰਜਨ ਕਾਲੀਆ )** ਸ੍ਰੀ ਗੁਲਪ੍ਰੀਤ ਸਿੰਘ ਔਲਖ ਆਈ.ਏ.ਐਸ ਡਿਪਟੀ ਕਮਿਸ਼ਨਰ, ਸ਼ਹੀਦ ਭਗਤ ਸਿੰਘ ਨਗਰ ਜੀ ਦੀ ਯੋਗ ਅਗਵਾਈ ਹੇਠ ਜਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਦੌਲਤਪੁਰ ਵਿਖੇ ਕਰੀਅਰ ਕਾਊਸਲਿੰਗ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਸ੍ਰੀ ਸੰਦੀਪ ਕੁਮਾਰ ਪੀ.ਸੀ.ਐਸ (ਏ) ਜਿਲ੍ਹਾ ਰੋਜ਼ਗਾਰ ਉਤਪੱਤੀ ਹੁਨਰ ਵਿਕਾਸ ਅਤੇ ਸਿਖਲਾਈ ਅਫ਼ਸਰ ਵੱਲੋਂ 10ਵੀਂ ਅਤੇ 12ਵੀਂ ਕਲਾਸ ਦੇ ਵਿਦਿਆਰਥੀਆਂ ਨੂੰ ਉਹਨਾਂ ਦੇ ਭਵਿੱਖ ਵਿੱਚ ਕਰੀਅਰ ਦੀ ਸਹੀ ਚੋਣ ਕਰਨ ਸਬੰਧੀ ਅਤੇ ਮੁਕਾ-ਬਲੇ ਦੀਆਂ ਪ੍ਰੀਖਿਆਵਾਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ ਗਿਆ ਅਤੇ ਨਾਲ ਹੀ ਵਿਦਿਆਰਥੀਆਂ ਨੂੰ ਲਿਖਤੀ ਪ੍ਰੀਖਿਆ ਦੇ ਵਿਸ਼ੇ ਜਿਵੇਂ ਕਿ ਆਮ ਗਿਆਨ, ਸਾਧਾਰਨ ਵਿਗਿਆਨ, ਗਣਿਤ, ਕਰੰਟ ਅਫੇਅਰਜ਼, ਲਾਜ਼ਿ-ਕਲ ਰੀਜ਼ਨਿੰਗ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਇਸ ਤੋਂ ਇਲਾਵਾ ਸ੍ਰੀ ਅਮਿਤ ਕੁਮਾਰ ਪਲੇਸਮੈਂਟ ਅਫ਼ਸਰ, ਡੀ.ਬੀ.ਈ.ਈ ਵੱਲੋਂ ਵਿਦਿਆਰਥੀਆਂ ਨੂੰ ਰਾਜ ਅਤੇ ਕੇਂਦਰ ਸਰਕਾਰ ਦੀਆਂ ਚੱਲ ਰਹੀਆਂ ਵੱਖ—ਵੱਖ ਸਕੀਮਾਂ, ਪਲੇਸਮੈਂਟ ਕਰਵਾਉਣ ਸਬੰਧੀ ਵੱਖ—ਵੱਖ ਅਦਾਰਿਆਂ ਬਾਰੇ ਜਾਣਕਾਰੀ ਦਿੱਤੀ ਗਈ । ਜਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਵਲੋਂ ਕੀਤੀ ਗਈ ਇਸ ਗਤੀਵਿਧੀ ਦੀ ਸਕੂਲ ਦੇ ਪ੍ਰਿੰਸੀਪਲ ਵਲੋਂ ਸ਼ਲਾਘਾ ਕੀਤੀ ਅਤੇ ਬਿਊਰੋ ਦੀ ਟੀਮ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ।

# ਹਾਸ ਵਿਅੰਗ: ਡਾਕਟਰ,ਡਾਕਟਰੀ ਅਤੇ ਡਾਕਟਰੇਟ

ਅੱਜ ਕਲ ਦੇ ਦੌਰ ਵਿਚ, ਡਾਕਟਰ,ਡਾਕਟਰੀ ਅਤੇ ਡਾਕਟਰੇਟ ਡਿਗਰੀਆਂ ਦਾ ਬਹੁਤ ਬੋਲ-ਬਾਲਾ ਹੈ। ਕਿਸੇ ਵੀ ਮਹੱਲੇ ਦੀਆਂ ਗਲੀਆਂ ਦੇ ਚੱਕਰ ਲਾ ਕੇ ਦੇਖ ਲਵੋ, ਬਹੁਤੇ ਘਰਾਂ ਦੇ ਗੇਟਾਂ ਅੱਗੇ ਜੋ ਨੇਮ-ਪਲੇਟਾਂ ਲੱਗੀਆਂ ਮਿਲਣਗੀਆਂ,ਉਨ੍ਹਾਂ ਉੱਤੇ ਨਾਂ ਤੋਂ ਪਹਿਲਾਂ 'ਡਾਕਟਰ' ਲਿਖਿਆਂ ਦੇਖਿਆ ਅਤੇ ਪੜ੍ਹਿਆ ਜਾ ਸਕਦਾ ਹੈ। ਨਿੱਤ ਦੀ ਬੋਲ-ਚਾਲ ਜਾਂ ਲਿਖਤਾਂ ਵਿਚ ਵੀ ਇਹ ਸ਼ਬਦ ਆਮ ਪ੍ਰਚਲਿਤ ਹੈ। ਇਹ ਵੀ ਧਾਰਨਾ ਬਣੀ ਹੋਈ ਹੈ ਕਿ ਬਹੁਤੇ ਲੋਕ ਤਾਂ ਆਪਣੀ ਵਿਦਵਤਾ ਦੀ ਸ਼ਾਨ ਦਿਖਾਉਣ ਜਾਂ ਚਮਕਾਉਣ ਲਈ, ਰੀਸੋ-ਰੀਸੀ ਇਸ ਚੂਹੇ-ਦੋੜ ਵਿਚ ਵਧ ਤੋਂ ਵਧ ਹਿੱਸਾ ਲੈਂਦੇ ਦਿਖਾਈ ਦਿੰਦੇ ਹਨ। ਸੋਚਣ ਦੀ ਗੱਲ ਇਹ ਹੈ ਕਿ ਇਸ ਦਾ ਲਾਭ ਕੀ ਹੋ ਸਕਦਾ ਹੈ? ਇਹ ਤਾਂ ਸ਼ਾਇਦ ਉਹੀ ਦੱਸ ਸਕਦੇ ਹਨ, ਜੋ ਇਸ ਦੀ ਚਿੱਤੋਂ-ਪਹਿਰ ਵਰਤੋਂ ਕਰਦੇ ਜਾਂ ਕਰਵਾਉਂਦੇ ਹਨ।

ਵੈਸੇ ਤਾਂ ਅਜੋਕੀ ਜ਼ਿੰਦਗੀ ਪਹਿਲੇ ਸਮਿਆਂ ਨਾਲੋਂ ਬਹੁਤ ਤੇਜ਼ ਅਤੇ ਗੁੰਝਲਦਾਰ ਹੋ ਚੁੱਕੀ ਹੈ,ਪਰ ਇਸ 'ਡਾਕਟਰ' ਸ਼ਬਦ ਨੇ ਤਾਂ ਇਸ ਵਿਚ ਇੱਕ ਨਵਾਂ 'ਫਾਨਾ ਅੜਾ' ਕੇ ਵਧੇਰੇ ਜਟਿਲ ਬਣਾ ਦਿੱਤੀ ਹੈ। ਘਰਾਂ,ਦਰਾਂ ਦਫ਼ਤਰਾਂ ਜਾਂ ਦੁਕਾਨਾਂ ਮੂਹਰੇ ਇਸ 'ਡਾਕ-ਟਰ' ਦੀ ਫੱਟੀ ਨੂੰ ਦੇਖ ਕੇ ਆਮ ਸੋਚ ਪੱਧਰ ਵਾਲਾ ਆਦਮੀ ਉਲਝਣ 'ਚ ਪੈ ਜਾਂਦਾ ਹੈ।

ਪਹਿਲੇ ਸਮਿਆਂ ਵਿਚ ਆਮ ਤੌਰ ਤੇ ਡਾਕਟਰ ਦੋ ਪ੍ਰਕਾਰ ਦੇ ਹੁੰਦੇ ਸਨ। ਇੱਕ ਮਨੁੱਖੀ ਇਲਾਜ ਕਰਨ ਵਾਲੇ ਅਤੇ ਦੂਜੇ ਪਸ਼ੂਆਂ ਦੇ- ਜਿੰਨਾਂ ਨੂੰ ਆਮ ਬੋਲੀ ਵਿਚ 'ਸਲੋਤਰੀ' ਜਾਂ ਡੰਗਰ-ਡਾਕਟਰ ਕਿਹਾ ਜਾਂਦਾ ਸੀ। ਇਨ੍ਹਾਂ ਦੀ ਇਹ 'ਅੱਲ' ਕਿਵੇਂ ਪਈ, ਇਹ ਤਾਂ ਖੋਜ-ਪਰਬੰਧ ਦਾ ਵਿਸ਼ਾ ਬਣ ਸਕਦਾ ਹੈ। ਕਈ ਖੋਜਕਾਰ ਇਸ ਵਿਸ਼ੇ 'ਤੇ ਡਾਕਟਰੇਟ ਲੈ ਸਕਦੇ ਹਨ ਅਤੇ ਆਪਣਾ ਭਵਿੱਖ ਸੋਨੇ-ਰੰਗਾ ਬਣਾ ਸਕਦੇ ਹਨ। ਭਲੇ ਸਮੇਂ ਦੇ ਉਹ ਡਾਕਟਰ (ਡਾਕਦਾਰ) ਆਪਣੇ ਅਜ਼ਮਾਏ ਹੋਏ ਸ਼ੁੱਧ 'ਰਾਮ ਬਾਣ' ਨੁਸਖ਼ਿਆਂ ਨੂੰ ਚਲਾ ਕੇ ਬਿਮਾਰੀ ਨੂੰ ਚਲਦਾ ਕਰ ਦਿੰਦੇ ਸੀ ਅਤੇ ਆਪਣਾ ਕੰਮ ਵੀ ਪੂਰਾ ਚਲਦਾ ਰੱਖਦੇ। ਪਰ ਅੱਜ ਕਲ ਦੇਖਣ ਵਿਚ ਆਇਆ ਹੈ ਕਿ ਬਹੁਤੇ ਡਾਕਟਰਾਂ ਕੋਲੋਂ ਇਹ ਬਿਮਾਰੀ ਦਾ ਅੜੀਅਲ ਘੋੜਾ,ਦਾਣਾ ਖਾ ਕੇ ਵੀ, ਰੇਬੀਆ ਚਾਲ ਨਹੀਂ ਫੜਦਾ। ਉਹ ਫਿਰ ਇਸ ਨੂੰ ਗੁਪਤ ਚਤਰਾਈ ਨਾਲ ਕਿਸੇ ਹੋਰ ਡਾਕਟਰ ਵਲ ਚਲਦਾ ਕਰ ਦਿੰਦੇ ਨੇ,ਜਿਸ ਨੂੰ ਅੱਜ ਕਲ ਦੀ ਭਾਸ਼ਾ ਵਿਚ ਮਾਹਿਰ ਜਾਂ 'ਸਪੈਸ਼ੇਲਿਸਟ'ਡਾਕਟਰ, ਕਿਹਾ ਜਾਂਦਾ ਹੈ। ਇਹ ਡਾਕਟਰ ਆਪਣੇ ਕਿੱਤੇ ਵਿਚ ਤਾਂ ਨਿਪੁੰਨ ਹੁੰਦੇ ਹੀ ਹਨ ਸਗੋਂ ਮਰੀਜ਼ ਨੂੰ ਇਸ ਤਰ੍ਹਾਂ ਡਰਾ ਦਿੰਦੇ ਹਨ ਕਿ ਉਹਨਾਂ ਨੂੰ ਵਹਿਮ ਦੇ 'ਗਧੀ-ਗੇੜ' ਵਿਚ ਫਸਾ ਕੇ,ਲਗਾਤਾਰ ਜੇਬ ਖਾਲੀ ਕਰਵਾਉਂਦੇ ਰਹਿੰਦੇ ਹਨ।

ਪਿਛਲੇ ਦਿਨੀਂ ਮੇਰੇ ਨਾਲ ਇੱਕ ਅਜਿਹਾ 'ਵਕੂਆ' (ਘਟਨਾ)ਵਾਪਰਿਆ,ਜੋ ਆਪ ਨਾਲ ਸਾਂਝਾਂ ਕਰਨਾ ਚਾਹਾਂਗਾ। ਅਜਿਹੀ 'ਡਾਕਟੋਰੇਟ' ਵਾਲੀ ਡਿਗਰੀ ਦੀ ਦੁਬਿਧਾ ਵਿੱਚ ਫਸਿਆ ਇੱਕ ਮਰੀਜ਼ ਆਪਣੇ ਵਾਰਸ ਦੇ ਨਾਲ ਅੱਧੀ ਰਾਤ ਨੂੰ ਸਾਡੇ ਦਰਵਾਜ਼ੇ ਤੇ ਆ ਖੜਾ ਹੋਇਆ ।'ਕਾਲ ਬੈੱਲ' (ਦੌਰ ਬਣਲਲ) ਨੂੰ ਦਬਾਉਣੋਂ ਨਾ ਹਟੇ। ਅਸੀਂ ਡਰਦਿਆਂ-ਡਰਦਿਆਂ ਦਰਵਾਜ਼ਾ ਖੋਲਿਆਂ। ਗ਼ੈਰ ਆਦਮੀਆਂ ਨੂੰ ਦੇਖ ਕੇ ਸਾਡੇ ਪੈਰ ਅਤੇ ਸਾਹ ਫੁੱਲਣ ਲੱਗੇ। ਉਹਨੇ ਸਾਡੀ ਹਾਲਤ ਦੇਖ ਕੇ ਕਿਹਾ,'ਡਾਕਟਰ ਸਾਹਿਬ,ਡਰੋ ਨਾ,ਇਹਦੇ ਕੰਨ ਦਾ ਇਲਾਜ ਕਰਾਉਣ ਆਏ ਹਾਂ।


ਅਸੀਂ ਉਹਨੂੰ ਕਿਹਾ ਕਿ ਭਾਈ ਸਾਹਿਬ,'ਇਹ ਸਮਾਂ ਕੋਈ ਮਰੀਜ਼ ਦਿਖਾਉਣ ਦਾ ਹੈ। ਵੈਸੇ ਆਪਾਂ 'ਮਰੀਜ਼ਾਂ ਦੀਆਂ ਬਿਮਾਰੀਆਂ ਵਾਲੇ ਡਾਕਟਰ ਨਹੀਂ ਹਾਂ। 'ਵਿੱਦਿਆ ਸਾਗਰ' ਵਾਲੇ ਪ੍ਰੋਫੈਸਰ ਹਾਂ।' ਉਹ ਆਦਮੀ ਭੋਲੇ-ਭਾਲੇ ਲੱਗੇ। ਹੋ ਸਕਦਾ ਕਿ ਸਮਝ ਨਾ ਸਕੇ ਹੋਣ।ਫਿਰ ਕਹਿੰਦੇ ਕਿ ਡਾਕਟਰ ਸਾਹਿਬ,'ਕੰਨ 'ਚ ਬਹੁਤ ਜ਼ਿਆਦਾ ਤਕਲੀਫ਼ ਹੈ,ਰਾਤ ਦੇ ਦੋ ਬਜੇ ਤੋਂ ਘੁੰਮ ਰਹੇ ਹਾਂ। ਪਹਿਲਾਂ ਅਸੀਂ ਨੇਮ-ਪਲੇਟ ਪੜ੍ਹ ਕੇ,ਤੁਹਾਡੀ ਗਲੀ ਦੇ ਨੁੱਕਰ ਵਾਲੀ ਕੋਠੀ ਦੀ ਜਦੋਂ ਡੋਰ-ਬੈੱਲ ਬਜਾਈ ਤਾਂ ਅੱਗੋਂ ਓਹਨੇ ਵੀ ਤੁਹਾਡੇ ਵਾਂਗ ਕਿਹਾ ਕਿ ਉਹ ਆਦਮੀਆਂ ਦਾ ਡਾਕਟਰ ਨਹੀਂ। ਸਾਡੇ ਪੁੱਛਣ ਤੇ ਉਹ ਕਹਿੰਦੇ ਕਿ ਅਸੀਂ ਤਾਂ ' ਪੁਰ-ਾਤਨ ਪੰਜਾਬੀ ਸਾਹਿਤ ਵਿਚ ਇਸ਼ਕ 'ਚ ਰੋਂਦੀਆਂ ਕਵਿੱਤਰੀਆਂ' ਦੇ ਡਾਕਟਰ ਹਾਂ। ਉਸ ਨੇ ਇਸ ਵਿਸ਼ੇ ਤੇ ਡਾਕਟਰੀ (ਡਾਕਟਰਟ)ਕੀਤੀ ਹੈ।'ਉਹ ਬਹੁਤ ਕੁਝ ਕਹਿ ਗਿਆ ਪਰ ਸਾਡੇ ਪੱਲੇ ਕੁਝ ਨਾ ਪਿਆ। ਇਹ ਸੁਣ ਕੇ ਅਸੀਂ ਤਾਂ ਚਕਰਾ ਗਏ ਕਿ ਇਹ ਕੇਹੀ ਡਾਕਟਰੀ ਹੋਈ? ਉਹਨੇ ਹੀ ਸਾਨੂੰ ਤੁਹਾਡੇ ਘਰ ਦੀ ਦੱਸ ਪਾਈ ਹੈ।

ਉਹ ਤਾਂ ਠੀਕ ਹੈ,ਪਰ ਅਸੀਂ ਤਾਂ ਆਪ ਮਨੁੱਖੀ ਬਿਮਾਰੀਆਂ ਦੇ ਡਾਕਟਰ ਨਹੀਂ ਹਾਂ। ਹੁਣੇ-ਹੁਣੇ 'ਕੋਰੋਨਾ ਵਾਇਰਸ ਦਾ ਪੰਜਾਬ ਦੀ ਆਰਥਿਕ ਸਥਿਤੀ 'ਤੇ ਪਰਭਾਵ' ਉੱਤੇ ਡਾਕਟਰੇਟ ਕੀਤੀ ਹੈ। ਸ਼ਾਇਦ ਉਨ੍ਹਾਂ ਨੂੰ ਸਮਝ ਨਹੀਂ ਆਈ ਕਿ ਇਹ ਡਾਕਟਰੀ ਕਿਸ ਕਿਸਮ ਦੀ ਹੋਈ? ਇਹ ਸੁਣਦਿਆਂ ਹੀ ਮਰੀਜ਼ ਦੇ ਕੰਨ ਵਿਚੋਂ ਅਜਿਹੀ ਚੀਸ ਨਿਕਲੀ ਕਿ ਓਹਨੇ ਲੰਬੀ ਲੇਰ ਮਾਰ ਦਿੱਤੀ। ਉਹਦੀ ਤਕਲੀਫ਼ ਨੂੰ ਦੇਖਦੇ ਅਸੀਂ ਕਿਹਾ ਕਿ ਆ ਸੱਜੇ ਪਾਸੇ ਜਾਓ ਅਤੇ ਡਾਕਟਰ ਦੀ ਨੇਮ-ਪਲੇਟ ਪੜ੍ਹ ਕੇ ਬੈੱਲ ਮਾਰ ਦਿਓ;ਸ਼ਾਇਦ ਤੁਸੀਂ ਸਹੀ ਥਾਂ ਪਹੁੰਚ ਜਾਵੋ।

ਇੱਕ ਡਾਕਟਰ ਦੇ ਦਿੱਤੇ ਹੋਏ ਪਤੇ 'ਤੇ, ਦੂਜੇ ਡਾਕਟਰ ਦੇ ਠਿਕਾਣੇ ਤੇ ਪਹੁੰਚ ਕੇ ਉਹਨਾਂ ਜਾ ਬੈੱਲ ਬਜਾਈ। ਦੂਰ ਤਕ ਇਸ ਦੀ ਆਵਾਜ਼ ਗੂੰਜੀ। ਗਲੀ ਦੇ ਕੁੱਤੇ ਵੀ ਉਨ੍ਹਾਂ ਨੂੰ ਸੁੰਘਣ ਵਾਹੋ-ਦਾਹੀ ਭੱਜੇ। ਭਲੇ ਨੂੰ ਉਹ ਆਦਮੀ ਸ਼ਰੀਫ਼ ਸੀ। ਛੇਤੀ ਹੀ ਬਾਹਰ ਗੇਟ ਤੇ ਆ ਗਿਆ। ਜਦ ਉਸ ਨੂੰ ਸਾਰੀ ਗੱਲ ਦਾ ਪਤਾ ਲੱਗਿਆ ਤਾਂ ਉਸ ਨੇ ਦੱਸਿਆ ਕਿ ਉਹ ਤਾਂ 'ਕੁੱਤਿਆਂ,ਬਿੱਲੀਆਂ' ਦਾ ਸਪੈਸ਼ਲਿਸਟ ਡਾਕਟਰ ਹੈ। ਵੈਸੇ,ਉਹਨੇ ਹਮਦਰਦੀ ਜਤਾਉਂਦੇ ਕਿਹਾ ਕਿ ਜੇ ਤੁਸੀਂ ਚਾਹੋਂ ਤਾਂ ਕੁੱਤਿਆਂ,ਬਿੱਲੀਆਂ ਵਾਲੀ ਕੰਨ ਦੁਖਦੇ ਦੀ ਦਵਾਈ ਦੇ ਕੁੱਝ ਤੁਪਕੇ ਇਸ ਦੇ ਕੰਨ 'ਚ ਪਾ ਦਿੰਦਾ। ਇਹ ਸੁਣਦਿਆਂ ਜਿਵੇਂ ਮਰੀਜ਼ ਦੇ ਕੰਨ ਦਾ ਦਰਦ ਜਾਂਦਾ ਰਿਹਾ ਹੋਵੇ। ਉਹ ਚੁੱਪ-ਚਾਪ ਅੱਗੇ ਤੁਰ ਗਏ।

ਅਸੀਂ ਇਹ ਰਾਮ ਲੀਲ੍ਹਾ ਝਾਕੀ ਦੇਖ ਕੇ ਹੈਰਾਨੀ 'ਚ ਡੁੱਬ ਗਏ। ਇਸ ਬਾਰੇ ਕਦੇ ਸੋਚਿਆ ਹੀ ਨਹੀਂ ਸੀ ਕਿ ਅਜਿਹੀਆਂ ਉਪਾਧੀਆਂ ਵਾਲੇ ਡਾਕਟਰ,ਡਾਕਟਰੀ ਅਤੇ ਡਾਕਟਰੇਟ,ਆਪਣੇ ਨਾਵਾਂ ਨਾਲ 'ਡਾਕਟਰ' ਲਾ ਕੇ, ਕਿੰਨਿਆਂ ਲੋਕਾਂ ਨੂੰ ਪਰੇਸ਼ਾਨੀ ਅਤੇ ਗ਼ਲਤ-ਫਹਿਮੀ ਦੇ ਚੱਕਰ-ਵਿਊ ਵਿਚ ਫਸਾ ਦਿੰਦੇ ਨੇ।

ਆਪਾਂ ਤਾਂ ਸਵੇਰ ਹੋਣ ਤੋਂ ਪਹਿਲਾਂ ਹੀ ਨੇਮ-ਪਲੇਟ 'ਤੇ ਲਿਖੇ 'ਡਾਕਟਰ' ਨੂੰ ਨਿਹਿੰਗਾਂ ਦੇ ਡੋਲ ਵਾਂਗ ਮਾਂਜ ਦਿੱਤਾ।



**ਸੁਰਜੀਤ ਸਿੰਘ ਭੁੱਲਰ**

# ਸੇਵਾ ਦੇ ਪੁੰਜ ਭਾਈ ਕਨੱਈਆ ਰਾਮ ਜੀ ਅਤੇ ਹੈਨਰੀ ਡਿਊਨਾਂ

**8 ਮਈ ਨੂੰ**
**ਵਿਸ਼ਵ ਰੈੱਡਕਰਾਸ**
**ਦਿਵਸ ’ਤੇ**

ਸ਼੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਅਨਿੰਨ ਸੇਵਕ ਅਤੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰੋਂ-ਘਰੋਂ ਵਰੋਸਾਏ ਭਾਈ ਕਨੱਈਆ ਰਾਮ ਜੀ 1702-04 ਈ: ਦੌਰਾਨ ਖ਼ਾਲਸੇ ਦੀ ਜਨਮ-ਭੂਮੀ ਸ਼੍ਰੀ ਅਨੰਦਪੁਰ ਸਾਹਿਬ ਵਿਖੇ ਜਬਰ, ਜ਼ੁਲਮ ਦੇ ਖ਼ਾਤਮੇ ਅਤੇ ਗ਼ਰੀਬਾਂ, ਮਜ਼ਲੂਮਾਂ ਦੀ ਰੱਖਿਆ ਲਈ ਹੋ ਰਹੇ ਧਰਮ ਯੁੱਧ ਵਿੱਚ ਚਮੜੇ ਦੀ ਮਸ਼ਕ ਪਾਣੀ ਦੀ ਭਰ ਕੇ, ਲੜਾਈ ਵਿੱਚ, ਚੱਲਦੀਆਂ ਤੋਪਾਂ ਵਿੱਚ, ਗੋਲੀਆਂ ਦੇ ਵਰ੍ਹਦੇ ਮੀਂਹ ਵਿੱਚ, ਤੀਰਾਂ ਦੀ ਬੁਛਾੜ ਵਿੱਚ ਜਿੱਥੇ ਕੋਈ ਪਾਣੀ ਮੰਗਦਾ, ਪਹੰਚ ਕੇ ਪਾਣੀ ਪਿਆਉਂਦਾ ਹੈ। ਉਹ ਜ਼ਖ਼ਮੀ ਹੋਏ ਦੁਸ਼ਮਣਾਂ ਦੇ ਸੈਨਿਕਾਂ ਨੂੰ ਵੀ ਪਾਣੀ ਪਿਆ ਕੇ ਮੁੜ ਜੀਵਿਤ ਕਰ ਰਿਹਾ ਹੈ। ਕੀ ਇਹ (ਕਨੱਈਆ ਰਾਮ) ਦੁਸ਼ਮਣ ਦੇ ਸੈਨਿਕਾਂ ਨਾਲ ਰਲਿਆ ਹੋਇਆ ਹੈ। ਇਹ ਕਹਿ ਕੇ ਕੁਝ ਸਿੰਘਾਂ ਨੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਕੋਲ ਸ਼ਿਕਾਇਤ ਕੀਤੀ ਕਿ ਅਸੀਂ ਤਾਂ ਮੈਦਾਨੇ ਜੰਗ ਵਿੱਚ ਦੁਸ਼ਮਣ ਨੂੰ ਮੁਸ਼ਕਲ ਨਾਲ ਡੇਗਦੇ ਹਾਂ ਪਰ ਇਕ ਮਾਸਕੀ ਸਿੱਖ ਉਹਨਾਂ ਨੂੰ ਪਾਣੀ ਪਿਆ ਕੇ ਜਿਊਂਦਾ ਕਰ ਦਿੰਦਾ ਹੈ, ਭਾਵ ਨਵਾਂ-ਨਰੋਆ ਕਰ ਦਿੰਦਾ ਹੈ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਕਨੱਈਆ ਰਾਮ ਨੂੰ ਸੱਦ ਲਿਆ। ਉਹ ਹੱਥ ਜੋੜ ਕੇ ਗੁਰੂ ਜੀ ਦੇ ਸਾਹਮਣੇ ਖੜ੍ਹਾ ਸੀ। ਸਿੰਘ ਵੀ ਆਲੇ-ਦੁਆਲੇ ਹੋ ਗਏ। ਸਭ ਲੋਕ ਸੋਚ ਰਹੇ ਸਨ ਕਿ ਦੇਖੀਏ ਹੁਣ ਮਾਸ਼ਕੀ ਨੂੰ ਕੀ ਸਜ਼ਾ ਮਿਲਦੀ ਹੈ।

ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬੜੀ ਉਤਸੁਕਤਾ ਨਾਲ ਪੁੱਛਿਆ, ‘‘ਭਾਈ ਕਨੱਈਆ ਰਾਮ ! ਸਾਰੇ ਸਿੰਘ ਸ਼ਿਕਾਇਤ ਕਰਦੇ ਹਨ ਕਿ ਤੁਸੀਂ ਵੈਰੀਆਂ ਨੂੰ ਪਾਣੀ ਪਿਆ ਕੇ ਮੁੜ ਜੀਵਿਤ ਕਰ ਦਿੰਦੇ ਹੋ।’’ ਭਾਈ ਕਨੱਈਆ ਰਾਮ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਤੇ ਡਿੱਗ ਪਿਆ ਤੇ ਆਖਿਆ, ‘‘ਸੱਚੇ ਪਾਤਸ਼ਾਹ ! ਮੈਂ ਕਿਸੇ ਵੈਰੀ ਨੂੰ ਪਾਣੀ ਨਹੀਂ ਪਿਆਇਆ।’’ ਗੁਰੂ ਜੀ ਨੇ ਕਿਹਾ, ‘‘ਹੋਰ ਕਿਸ ਨੂੰ ਪਾਣੀ ਪਿਆਉਂਦਾ ਸੈਂ।’’ ਕੀ ਤੁਸੀਂ ਤੁਰਕ, ਪਹਾੜੀਏ, ਸਿੱਖ ਨੂੰ ਪਾਣੀ ਨਹੀਂ ਪਿਆਇਆ। ਭਾਈ ਕਨੱਈਆ ਰਾਮ ਜੀ ਦਾ ਜਵਾਬ ਨਾਂਹ ਵਿੱਚ ਸੀ। ਜਵਾਬ ਸੁਣ-ਸੁਣ ਕੇ ਸੰਗਤਾਂ ਹੈਰਾਨ ਹੋ ਰਹੀਆਂ ਸਨ। ਗੁਰੂ ਜੀ ਕਹਿਣ ਲੱਗੇ, ‘‘ਜੇ ਤੁਸੀਂ ਤੁਰਕ, ਪਹਾੜੀਏ, ਸਿੱਖ ਨੂੰ ਪਾਣੀ ਨਹੀਂ ਪਿਆਇਆ ਤਾਂ ਫਿਰ ਕਿਸ ਨੂੰ ਪਾਣੀ ਪਿਆਉਂਦਾ ਸੈਂ।’’ ਭਾਈ ਕਨੱਈਆ ਰਾਮ ਕਹਿਣ ਲੱਗਾ, ‘‘ਮੈਨੂੰ ਤਾਂ ਹਰ ਇੱਕ ਵਿੱਚ ਆਪ ਦਾ ਹੀ ਰੂਪ ਨਜ਼ਰ ਆਉਂਦਾ ਹੈ। ਮੈਥੋਂ ਤਾਂ ਤੁਸੀਂ ਆਪ ਪਾਣੀ ਮੰਗਦੇ ਹੋ। ਮੈਨੂੰ ਤੁਹਾਡੇ ਬਗ਼ੈਰ ਕੋਈ ਨਜ਼ਰ ਨਹੀਂ ਆਉਂਦਾ ਹੈ। ਮੈਂ ਤਾਂ ਆਪ ਜੀ ਨੂੰ ਹੀ ਪਾਣੀ ਪਿਆਉਂਦਾ ਹਾਂ।

ਤੈਨੂੰ ਪਿਆ ਪਿਲਾਵਾਂ ਪਾਣੀ ਸਿਰ ਮੇਰੇ ਦੇ ਸਾਈਂ।
ਤੁਰਕ ਅਤੁਰਕ ਨ ਦਿਸਦਾ ਮੈਨੂੰ ਤੂੰ ਸਾਰੇ ਦਿਸ ਆਈਂ।



ਭਾਈ ਕਨੱਈਆ ਰਾਮ ਜੀ ਦੇ ਬਚਨ ਸੁਣ ਕੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਬੜੇ ਪ੍ਰਸੰਨ ਹੋਏ। ਗੁਰੂ ਸਾਹਿਬ ਆਪਣੇ ਆਸਣ ਤੋਂ ਉੱਠੇ ਤੇ ਭਾਈ ਕਨੱਈਆ ਰਾਮ ਨੂੰ ਗਲ (ਛਾਤੀ) ਨਾਲ ਲਾ ਲਿਆ, ਭਾਈ ਜੀ ਦਾ ਮੱਥਾ ਚੁੰਮਿਆ ਤੇ ਪ੍ਰਸੰਨ ਹੋ ਕੇ ਬੋਲੇ, ਤੇਰੀ ਕਮਾਈ ਧੰਨ ਹੈ, ਤੁਸੀਂ ਸਿੱਖੀ ਨੂੰ ਸਮਝਿਆ ਹੈ। ਭਾਈ ਕਨੱਈਆ ਰਾਮ ਜੀ ਨੂੰ ਮਲ੍ਹਮ-ਪੱਟੀ ਦਾ ਡੱਬਾ ਫੜਾ ਕੇ ਕਿਹਾ ਕਿ ਜਿੱਥੇ ਤੁਸੀਂ ਪਿਆਸਿਆਂ ਨੂੰ ਜਲ ਛਕਾ ਕੇ ਉਹਨਾਂ ਦੀ ਪਿਆਸ ਦੂਰ ਕਰਦੇ ਹੋ, ਹੁਣ ਉਹਨਾਂ ਦੇ ਜ਼ਖ਼ਮਾਂ ਤੇ ਮਲ੍ਹਮ-ਪੱਟੀ ਕਰਕੇ ਉਹਨਾਂ ਦਾ ਦਰਦ ਵੀ ਦੂਰ ਕਰਿਆ ਕਰੋ।

ਹੱਸੇ ਤੇ ਗਲ ਲਾਇਆ ਪਿਆਰਾ ਡਬੀ ਹੱਥ ਫੜਾਈ।
ਪਾਣੀ ਨਾਲ ਮਲ੍ਹਮ ਵੀ ਰਖੀਂ ਲੋੜ ਪਈ ਤੇ ਲਾਈਂ।
(ਸੰਤ ਰਤਨ ਮਾਲ੍ਹਾ)

ਗੁਰੂ ਗੋਬਿੰਦ ਸਿੰਘ ਜੀ, ਭਾਈ ਕਨੱਈਆ ਰਾਮ ਜੀ ਦੀ ਘਾਲ-ਕਮਾਈ ਤੇ ਪ੍ਰਸੰਨ ਹੋ ਕੇ ਆਪਣਾ ਦਸਤੀ ਰੁਮਾਲ ਵੀ ਬਖ਼ਸ਼ਿਸ਼ ਕਰਕੇ ਕਿਹਾ ਕਿ ਇਸ ਨਾਲ ਜ਼ਖ਼ਮੀਆਂ ਦਾ ਮੂੰਹ ਵੀ ਸਾਫ਼ ਕਰ ਦਿਆ ਕਰਨਾ। ਭਾਈ ਕਨੱਈਆ ਰਾਮ ਜੀ ਨੂੰ ਸਾਰੇ ਸਾਧੂ ਜਾਣਨ ਲੱਗ ਪਏ। ਉਹ ਜਿੱਥੋਂ ਲੰਘਦੇ, ਲੋਕ ਨਮਸਕਾਰ ਕਰਦੇ। ਸ਼੍ਰੀ ਸੰਤ ਰਤਨ ਮਾਲ੍ਹਾ ਵਿੱਚ ਇਸ ਤਰ੍ਹਾਂ ਲਿਖਿਆ ਹੈ। ‘‘ਭਾਈ ਕਨੱਈਆ ਜੀ ਸਿੰਘਾਂ ਤੇ ਤੁਰਕਾਂ ਬੀਚ ਵੀ ਵਿਚਰਦੇ। ਕੋਈ ਇਸ ਕੋ ਅਟਕਾਵੈ ਨਾਹੀ। ਨਿਸੰਗ ਹੀ ਫਿਰੇ। ਇਕ ਸਮਾਨ ਸਭੀ ਕੋ ਜਾਨ ਕੇ ਸੇਵਾ ਬੜੇ ਪ੍ਰੇਮ ਸੇ ਕਰਹਿ। ਅਰ ਸਾਧੂ ਜਾਣ ਕੇ ਸਭੀ ਨਮਸਕਾਰ ਕਰੈ, ਕੋਈ ਇਸ ਕੋ ਦੁਖਾਵੈ ਨਾਹੀ।’’

ਭਾਈ ਕਨੱਈਆ ਰਾਮ ਜੀ ਤੋਂ ਉਤਸ਼ਾਹਤ ਹੋ ਕੇ ਕਈ ਹੋਰ ਸਿੱਖ ਵੀ ਮੈਦਾਨੇ ਜੰਗ ਵਿੱਚ ਜਲ ਦੀ ਸੇਵਾ ਤੇ ਮਲ੍ਹਮ-ਪੱਟੀ ਕਰਦੇ। ਭਾਈ ਕਨੱਈਆ ਰਾਮ ਜੀ ਵੱਲੋਂ ਜੰਗੇ ਮੈਦਾਨ ਵਿੱਚ ਕੀਤੀ ਸੇਵਾ ਦਾ ਸੰਕਲਪ ਹੀ ਰੈੱਡਕਰਾਸ ਦੀ ਰੂਹ ਬਣਿਆ। ਭਾਈ ਕਨੱਈਆ ਰਾਮ ਜੀ ਤੋਂ ਪ੍ਰਚਲਿਤ ‘ਸੇਵਾਪੰਥੀ’ ਸੰਪਰਦਾਇ ਹੋਂਦ ਵਿੱਚ ਆਈ, ਜਿਸ ਦੇ ਪੰਜਾਬ, ਹਰਿਆਣਾ, ਹਿਮਾਚਲ, ਦਿੱਲੀ ਵਿੱਚ 42 ਗੁਰਦੁਆਰੇ/ਡੇਰੇ/ਟਿਕਾਣੇ ਹਨ। ਭਾਈ ਕਨੱਈਆ ਰਾਮ ਜੀ ਦੀ ਜਨਮ ਤਾਰੀਖ ਦਾ ਪਤਾ ਨਾ ਹੋਣ ਕਰਕੇ ਰੈੱਡਕਰਾਸ ਦੇ ਸੰਕਲਪ ਨੂੰ ਜਨੇਵਾ ਸ਼ਹਿਰ ਦੇ ਹੈਨਰੀ ਡਿਊਨਾਂ ਦੇ ਜਨਮ-ਦਿਨ 8 ਮਈ ਨਾਲ ਜੋੜਿਆ ਗਿਆ ਹੈ।

ਹੈਨਰੀ ਡਿਊਨਾਂ:- ਹੈਨਰੀ ਡਿਊਨਾਂ ਦਾ ਜਨਮ 8 ਮਈ 1828 ਈ: ਨੂੰ ਸਵਿਟਜ਼ਰਲੈਂਡ ਦੇਸ਼ ਦੀ ਰਾਜਧਾਨੀ ਜਨੇਵਾ ਵਿੱਚ ਇੱਕ ਉੱਚ ਘਰਾਵੇ ਵਿੱਚ ਹੋਇਆ। ਬਚਪਨ ਵਿੱਚ ਜਿੰਨੀ ਵਿੱਦਿਆ ਪ੍ਰਾਪਤ ਹੋ ਸਕਦੀ ਸੀ, ਪ੍ਰਾਪਤ ਕੀਤੀ। ਡਿਊਨਾਂ ਦਾ ਪਿਤਾ ਜ਼ੀਨ ਜੈਕ ਡਿਊਨਾਂ ਇੱਕ ਸਫਲ ਵਪਾਰੀ ਸੀ। 1853 ਤੋਂ 1858 ਤੱਕ ਉਸ ਨੇ ਇੱਕ ਕੰਪਨੀ ਵਿੱਚ ਨੌਕਰੀ ਕੀਤੀ, ਉਪਰੰਤ ਨੌਕਰੀ ਛੱਡ ਕੇ 31 ਸਾਲ ਦੀ ਉਮਰ ਵਿੱਚ ਆਟਾ ਪੀਸਣ ਦੇ ਕਾਰਖਾਨੇ ਲਾਉਣ ਲਈ ਆਪਣੇ ਮਿੱਤਰਾਂ ਕੋਲੋਂ ਭਾਰੀ ਰਕਮਾਂ ਲੈ ਕੇ ਇੱਕ ਸੁਸਾਇਟੀ ਬਣਾਈ। ਆਟਾ ਪੀਸਣ ਦੇ ਕਾਰਖਾਨੇ ਉਸ ਨੇ ਫਰਾਂਸ ਦੇਸ਼ ਦੇ ਅਧੀਨ ਇਲਾਕੇ ਅਲਜੀਰੀਆ ਵਿੱਚ ਲਾਉਣੇ ਸਨ ਕਿਉਂਕਿ ਉਸ ਇਲਾਕੇ ਵਿੱਚ ਪਾਣੀ ਦੀਆਂ ਆਬਸ਼ਾਰਾਂ ਡਿੱਗਦੀਆਂ ਸਨ। ਉਹਨਾਂ ਆਬਸ਼ਾਰਾਂ ਵਿੱਚੋਂ ਡਿੱਗਣ ਵਾਲੇ ਪਾਣੀ ਦੀ ਸ਼ਕਤੀ ਨਾਲ ਕਾਰਖਾਨੇ ਚੱਲਣੇ ਸਨ। ਇਸ ਕੰਮ ਲਈ ਡਿਊਨਾਂ ਨੂੰ ਫਰਾਂਸ ਦੇ ਬਾਦਸ਼ਾਹ ਕੋਲੋਂ ਆਗਿਆ ਲੈਣ ਦੀ ਲੋੜ ਸੀ। 24 ਜੂਨ 1859 ਈ: ਨੂੰ ਇਟਲੀ ਤੇ ਆਸਟਰੀਆ ਦੋ ਦੇਸ਼ਾਂ ਵਿੱਚ ਸਲਫ਼ਰੀਨੋ ਨਾਂ ਵਾਲੀ ਥਾਂ ਤੇ ਜੰਗ ਹੋ ਰਹੀ ਸੀ। ਜਿਸ ਵਿੱਚ ਇੱਕ ਪਾਸੇ ਇਟਲੀ ਤੇ ਫਰਾਂਸ ਅਤੇ ਦੂਜੇ ਪਾਸੇ ਆਸਟਰੀਆ ਤੇ ਪਰਸ਼ੀਆ ਦੀਆਂ ਫ਼ੌਜਾਂ ਸਨ। ਹੈਨਰੀ ਡਿਊਨਾਂ 23 ਜੂਨ ਦੀ ਰਾਤ ਨੂੰ ਯੁੱਧ ਦੇ ਮੈਦਾਨ ਦੇ ਨੇੜੇ ਠਹਿਰਿਆ ਹੋਇਆ ਸੀ। ਪਰ ਉਸ ਨੂੰ ਬਾਦਸ਼ਾਹ ਨਾਲ ਮੁਲਾਕਾਤ ਕਰਨ ਲਈ 15 ਘੰਟੇ ਉਡੀਕ ਕਰਨੀ ਪਈ। ਜੰਗ ਦੇ ਮੈਦਾਨ ਵਿੱਚ ਦੋਵਾਂ ਪਾਸਿਆਂ ਤੋਂ ਹਜ਼ਾਰਾਂ ਸਿਪਾਹੀ ਜ਼ਖ਼ਮੀ ਹੋ ਗਏ ਸਨ, ਜੋ ਚੱਲ ਫਿਰ ਨਹੀਂ ਸਨ ਸਕਦੇ।



ਮੈਦਾਨ ਵਿੱਚ ਹੀ ਪਏ ਤੜਪ ਰਹੇ ਸਨ। ਉਹਨਾਂ ਨੂੰ ਦੇਖ ਕੇ ਹੈਨਰੀ ਡਿਊਨਾਂ ਦਾ ਦਿਲ ਤੜਪ ਉੱਠਿਆ। ਉਸ ਨੇ ਨਾਲ ਦੇ ਪਿੰਡ ਦੇ ਲੋਕਾਂ ਦੀ ਸਹਾਇਤਾ ਨਾਲ ਫੱਟੜ ਸੈਨਿਕਾਂ ਨੂੰ ਨੇੜੇ ਦੇ ਹਸਪਤਾਲਾਂ, ਸਕੂਲਾਂ ਅਤੇ ਗਿਰਜਾ ਘਰਾਂ ਵਿੱਚ ਰੱਖ ਕੇ ਉਹਨਾਂ ਦੀ ਕਾਫ਼ੀ ਸਮਾਂ ਸੇਵਾ-ਸੰਭਾਲ ਕੀਤੀ। ਹੈਨਰੀ ਡਿਊਨਾਂ ਨੇ ਆਪਣੇ ਸਹਿਯੋਗੀਆਂ ਤੋਂ ਇਹ ਪ੍ਰਣ ਲਿਆ ਸੀ ਕਿ ਉਹ ਫੱਟੜਾਂ ਦੀ ਸੇਵਾ-ਸੰਭਾਲ ਕਰਦੇ ਸਮੇਂ ਕੌਮਾਂ ਦਾ ਭਿੰਨ-ਭੇਦ ਨਹੀਂ ਕਰਨਗੇ।

ਹੈਨਰੀ ਡਿਊਨਾਂ ਨੇ ਜ਼ਖ਼ਮੀਆਂ ਦੀ ਸੇਵਾ-ਸੰਭਾਲ ਕਰਦਿਆਂ ਇਹ ਸੋਚਿਆ ਕਿ ਸਾਰੀ ਦੁਨੀਆ ਵਿੱਚ ਇੱਕ ਅਜਿਹੀ ਸਮਾਜਿਕ ਜਥੇਬੰਦੀ ਬਣੇ ਜਿਸ ਦੀਆਂ ਦੁਨੀਆਂ ਦੇ ਹਰ ਸ਼ਹਿਰ ਵਿੱਚ ਥਾਂ-ਥਾਂ ਸ਼ਾਖਾਵਾਂ ਹੋਣ ਤੇ ਉਸ ਜਥੇਬੰਦੀ ਦੇ ਮੈਂਬਰ ਇਸ ਕਾਰਜ ਨੂੰ ਮਨੁੱਖੀ ਹਮਦਰਦੀ ਦੇ ਨਾਂ ਤੇ ਕਰਨ। 31 ਸਾਲ ਦੀ ਉਮਰ ਵਿੱਚ ਡਿਊਨਾਂ ਨੇ ਜ਼ਖ਼ਮੀ ਸਿਪਾਹੀਆਂ ਦੀ ਹਾਲਤ ਦੇ ਸੁਧਾਰ ਲਈ ਆਪਣਾ ਜੀਵਨ ਅਰਪਣ ਕਰ ਦਿੱਤਾ। ਉਸ ਦੇ ਪਿੱਛੋਂ ਉਹ ਆਪਣੇ ਘਰ ਵੱਲ ਨਹੀਂ ਮੁੜਿਆ। ਉਹ ਸਰਬ-ਸਾਂਝੀ ਰੈੱਡਕਰਾਸ ਦੀ ਸਥਾਪਨਾ ਦੇ ਕੰਮ ਵਿੱਚ ਜੁੱਟ ਗਿਆ। ਉਸ ਨੇ ਇੱਕ ਪੁਸਤਕ ‘ਸਲਫਰੀਨੋ ਦੀ ਯਾਦ’ ਵੀ ਲਿਖੀ। ਹੈਨਰੀ ਡਿਊਨਾਂ ਦੀ ਪੁਸਤਕ ਨੂੰ ਪੜ੍ਹ ਕੇ ਸਵਿਟਜ਼ਰਲੈਂਡ ਦੇ ਲੋਕ ਉਸ ਨਾਲ ਆ ਜੁੜੇ। 1863 ਵਿੱਚ ਰੈੱਡਕਰਾਸ ਲਹਿਰ ਦਾ ਜਨਮ ਹੋਇਆ। 1867 ਵਿੱਚ ਡਿਊਨਾਂ ਨੇ ਰੈੱਡਕਰਾਸ ਦੀ ਕੌਮਾਂਤਰੀ ਕਮੇਟੀ ਦੇ ਸਕੱਤਰ ਵਜੋਂ ਅਸਤੀਫਾ ਦੇ ਦਿੱਤਾ, ਜੋ ਪ੍ਰਵਾਨ ਕਰ ਲਿਆ ਗਿਆ। 1901 ਵਿੱਚ ਹੈਨਰੀ ਡਿਊਨਾਂ ਨੂੰ ਨਾਰਵੇ ਦੀ ਸਰਕਾਰ ਦੁਆਰਾ ਪਹਿਲਾ ‘ਨੋਬਲ ਪੁਰਸਕਾਰ’ ਦਿੱਤਾ ਗਿਆ। ਪਰ ਉਸ ਨੇ ਇਨਾਮ ਦੀ ਸਾਰੀ ਰਾਸ਼ੀ ਤੇ ਸੁਗਾਤਾਂ ਦੀ ਰਕਮ ਦੁਖੀਆਂ ਤੇ ਜ਼ਖ਼ਮੀਆਂ ਦੀ ਸੇਵਾ ਲਈ ਖ਼ਰਚਣ ਦੀ ਵਸੀਅਤ ਕਰਾ ਦਿੱਤੀ।

49 ਸਾਲ ਉਹ ਦੁਨੀਆਂ ਦੇ ਸਾਰੇ ਦੇਸ਼ਾਂ ਵਿੱਚ ਆਪਣੇ ਖ਼ਿਆਲ ਦੇ ਪ੍ਰਚਾਰ ਲਈ ਫਿਰਦਾ ਰਿਹਾ। 80 ਸਾਲ ਦੀ ਉਮਰ ਵਿੱਚ ਸੰਨ 1908 ਈ: ਨੂੰ ਜਦ ਹੈਨਰੀ ਡਿਊਨਾਂ ਆਪਣੇ ਜਨਮ ਦੇ ਸ਼ਹਿਰ ਜਨੇਵਾ ਪਹੁੰਚਿਆ ਤਾਂ ਉਸ ਨੇ ਪੁਰਾਣੇ ਘਸੇ ਹੋਏ ਮਾਮੂਲੀ ਕੱਪੜੇ ਪਹਿਨੇ ਹੋਏ ਸਨ। ਉਸ ਦੇ ਚਿਹਰੇ ’ਤੇ ਭਰਵੀ ਲੰਮੀ ਦਾਹੜੀ ਆਈ ਹੋਈ ਸੀ। 30 ਅਕਤੂਬਰ 1910 ਈ: ਨੂੰ 82 ਸਾਲ ਦੀ ਉਮਰ ਵਿੱਚ ਹੈਨਰੀ ਡਿਊਨਾਂ ਦਾ ਹੇਡਨ ਹਸਪਤਾਲ ਵਿੱਚ ਦਿਹਾਂਤ ਹੋ ਗਿਆ। ਅੱਜ-ਕੱਲ੍ਹ ਜੰਗ ਯੁੱਧ ਦੇ ਸਮੇਂ ਹੁਣ ਰਣ-ਖੇਤਰ ਵਿੱਚ ਵੱਖ-ਵੱਖ ਸੁਸਾਇਟੀਆਂ ਜ਼ਖ਼ਮੀ ਲੋਕਾਂ ਦੀ ਮਲ੍ਹਮ-ਪੱਟੀ ਕਰਦੀਆਂ ਹਨ ਤੇ ਹੋਰ ਡਾਕਟਰੀ ਸਹਾਇਤਾ ਦਿੰਦੀਆਂ ਹਨ। ਜਿਨ੍ਹਾਂ ਨੂੰ ਰੈੱਡਕਰਾਸ ਦਾ ਨਾਂਅ ਦਿੱਤਾ ਜਾਂਦਾ ਹੈ ਕਿਉਂਕਿ ਲਾਲ ਰੰਗ ਵਿੱਚ ਜਮ੍ਹਾਂ (+) ਦੇ ਨਿਸ਼ਾਨ ਨੂੰ ਆਪਣਾ ਕੇ ਦੇਸ਼ ਨੇ ਇਸ ਨੂੰ ਅੰਤਰਰਾਸ਼ਟਰੀ ਪੱਧਰ ਦੀ ਮਾਨਤਾ ਦਿੱਤੀ ਹੋਈ ਹੈ। ਕੁਝ ਲੇਖਕਾਂ, ਵਿਦਵਾਨਾਂ ਦਾ ਕਹਿਣਾ ਹੈ ਕਿ ਰੈੱਡਕਰਾਸ ਦਾ ਬਾਨੀ ਹੈਨਰੀ ਡਿਊਨਾਂ ਹੈ ਜਦ ਕਿ ਸੇਵਾ ਦੇ ਪੁੰਜ ਭਾਈ ਕਨੱਈਆ ਰਾਮ ਜੀ ਨੇ 155 ਸਾਲ ਪਹਿਲਾਂ (1704) ਵਿੱਚ ਹੀ ਰੈੱਡਕਰਾਸ ਦਾ ਨੀਂਹ-ਪੱਥਰ ਰੱਖ ਦਿੱਤਾ ਸੀ। ਰੈੱਡਕਰਾਸ ਦਾ ਅਸਲੀ ਬਾਨੀ ਭਾਈ ਕਨੱਈਆ ਰਾਮ ਹੀ ਹੈ। ਉਹਨਾਂ ਨੇ 18ਵੀਂ ਸਦੀ ਦੇ ਸ਼ੁਰੂ ਵਿੱਚ ਇਹ ਸੇਵਾ ਕਰ ਵਿਖਾਈ ਜਿਸ ਦੀ ਲੋੜ ਸੰਸਾਰ ਦੇ ਕਈ ਦੇਸ਼ਾਂ ਨੇ ਮਿਲ ਕੇ 19ਵੀਂ ਸਦੀ ਦੇ ਅੱਧ ਵਿੱਚ ਮਹਿਸੂਸ ਕੀਤੀ।


ਪ੍ਰੋ: ਪ੍ਰਕਾਸ਼ ਸਿੰਘ ਅਨੁਸਾਰ ਸੰਸਾਰ ਦੇ ਇਤਿਹਾਸ ਵਿੱਚ ਸ਼ਾਇਦ ਕੁਝ ਅਜਿਹੇ ਵਿਅਕਤੀ ਲੱਭ ਪੈਣ ਜਿਨ੍ਹਾਂ ਨੇ ਜੰਗ ਦੇ ਸਮੇਂ ਫੱਟੜਾਂ, ਰੋਗੀਆਂ ਤੇ ਲੋੜਵੰਦਾਂ ਦੀ ਤਨੋਂ ਮਨੋਂ ਸੇਵਾ ਕੀਤੀ ਹੋਵੇ ਜਿਵੇਂ ਕਿ ਫਲੋਰੈਂਸ ਨਾਈਟਿੰਗੇਲ (1820-1910) ਜੋ ਕ੍ਰਿਸ਼ਚੀਅਨ ਹਸਪਤਾਲ ਦੀ ਨਰਸ ਸੀ ਪਰ ਭਾਈ ਕਨੱਈਆ ਜੀ ਵਰਗੀ ਸਮਦ੍ਰਿਸ਼ਟੀ ਨਾਲ ਨਿਰਪੱਖ, ਨਿਸ਼ਕਪਟ ਤੇ ਨਿਰਛਲ ਸੇਵਾ ਕਿਸੇ ਨੇ ਨਹੀਂ ਕੀਤੀ। ਭਾਈ ਕਨੱਈਆ ਜੀ ਨੇ ਇਹ ਬੇਮਿਸਾਲ ਸੇਵਾ ਉਦੋਂ ਕਰ ਵਿਖਾਈ ਜਦੋਂ ਸੰਸਾਰ ਵਿੱਚ ਇਸ ਪੱਖੋਂ ਅਜੇ ਜਾਗ੍ਰਿਤੀ ਨਹੀਂ ਸੀ ਆਈ। ਅੱਜ ਜੰਗੀ ਸ਼ਹੀਦਾਂ, ਕੈਦੀਆਂ, ਜ਼ਖ਼ਮੀਆਂ, ਕੁਦਰਤੀ ਤੇ ਗੈਰ ਕੁਦਰਤੀ ਆਫ਼ਤਾਂ ਦੀ ਮਾਰ ਹੇਠ ਆਏ ਲੋਕਾਂ ਦੀ ਸੇਵਾ ਸੰਭਾਲ ਰੈੱਡਕਰਾਸ ਹੀ ਕਰਦੀ ਹੈ।ਸੋ ਅੱਜ ਲੋੜ ਹੈ ਭਾਈ ਕਨੱਈਆ ਰਾਮ ਤੇ ਹੈਨਰੀ ਡਿਊਨਾਂ ਦੇ ਪਦ-ਚਿੰਨ੍ਹਾਂ ਤੇ ਚੱਲਦੇ ਹੋਏ ਭਾਈ ਕਨੱਈਆ ਸੇਵਾ ਸੁਸਾਇਟੀਆਂ, ਭਾਈ ਕਨੱਈਆ ਸੇਵਾ ਮਿਸ਼ਨ, ਰੈੱਡਕਰਾਸ ਸੰਸਥਾਵਾਂ ਤੇ ਹੋਰ ਸਮਾਜ-ਸੇਵੀ ਸੰਸਥਾਵਾਂ ਨੂੰ ਬਿਨਾਂ ਕਿਸੇ ਭੇਦ-ਭਾਵ ਦੇ ਮਰੀਜ਼ਾਂ ਤੇ ਲੋੜਵੰਦਾਂ ਦੀ ਸੇਵਾ ਕਰਨ ਦੀ।

**ਕਰਨੈਲ ਸਿੰਘ ਐੱਮ.ਏ. ਲੁਧਿਆਣਾ**
# 1138/63-ਏ, ਗੁਰੂ ਤੇਗ਼ ਬਹਾਦਰ ਨਗਰ,
ਗਲੀ ਨੰਬਰ-1, ਚੰਡੀਗੜ੍ਹ ਰੋਡ,
ਜਮਾਲਪੁਰ, ਲੁਧਿਆਣਾ ।
Emial :-
Karnialisnghma@gmial.com
**98552 40552**

# ਕਾਤਲ ਨਹੀਂ ਪ੍ਰੇਰਨਾਸਰੋਤ ਬਣੋ

ਅੱਜ ਦੇ ਸਮਾਜ ਵਿੱਚ ਵਿਚਰਦਿਆਂ ਜੇ ਗਹੁ ਨਾਲ ਵਾਚੀਏ ਤਾਂ ਬਹੁਤੇ ਲੋਕਾਂ ਨੇ ਤਣਾਓ ਅਤੇ ਅਧਿਕ ਗੁੱਸੇ ਵਰਗੀਆਂ ਅਜਿਹੀਆਂ ਕੋਝੀਆਂ ਮਾਨਸਿਕ ਬੀਮਾਰੀਆਂ ਸਹੇੜ ਲਈਆਂ ਹਨ ਜੋ ਦਿਨ ਬ ਦਿਨ ਕਈ ਘਰਾਂ ਦੇ ਘਰ ਤਬਾਹ ਕਰ ਰਹੀਆਂ ਹਨ। ਅੱਜ ਦਾ ਮਨੁੱਖ ਤਣਾਓ ਵਿੱਚ ਜ਼ਿਆਦਾ ਰਹਿਣ ਲੱਗ ਪਿਆ। ਉਸ ਨੂੰ ਗੁੱਸਾ ਬਹੁਤ ਜਲਦੀ ਆਉਂਦਾ ਹੈ । ਕਿਤੇ ਪਤੀ-ਪਤਨੀ ਦੀ ਆਪਸੀ ਲੜਾਈ ਬੱਚਿਆਂ ਦੀ ਜ਼ਿੰਦਗੀ ਖੋਹ ਰਹੀ ਹੈ,ਕਿਤੇ ਪਿਓ ਪੁੱਤਰ ਨੂੰ ਤੇ ਪੁੱਤਰ ਪਿਓ ਦਾ ਕਤਲ ਕਰ ਰਿਹਾ ਹੈ,ਕਿਤੇ ਕਿਤੇ ਤਾਂ ਪੂਰੇ ਟੱਬਰਾਂ ਦੇ ਟੱਬਰ ਤਬਾਹ ਹੋ ਰਹੇ ਹਨ। ਅੱਜ ਦੇ ਮਨੁੱਖ ਅੰਦਰ ਐਨੀ ਜ਼ਿਆਦਾ ਅਸਤੁੰਸ਼ਟੀ, ਅਸੰਜਮਤਾ,ਗੁੱਸਾ , ਬੇਚੈਨੀ ਕਿਉਂ ਪੈਦਾ ਹੋ ਰਹੀ ਹੈ? ਅੱਜ ਉਸ ਕੋਲ ਸਾਰੀਆਂ ਸੁੱਖ ਸਹੂਲਤਾਂ ਹੋਣ ਦੇ ਬਾਵਜੂਦ ਉਹ ਨਾਖੁਸ਼ ਕਿਉਂ ਹੈ? ਅੱਜ ਦੇ ਮਨੁੱਖ ਦਾ ਚਿਹਰਾ ਉਦਾਸ, ਥੱਕਿਆ ਤੇ ਬੁਝਿਆ ਬੁਝਿਆ ਕਿਉਂ ਹੈ? ਇਹਨਾਂ ਸਭਨਾਂ ਦੇ ਜਵਾਬ ਤੇ ਹੱਲ ਕਿਤੋਂ ਬਾਹਰੋਂ ਨਹੀਂ ਲੱਭੇ ਜਾ ਸਕਦੇ। ਇਹਨਾਂ ਬਾਰੇ ਹਰ ਮਨੁੱਖ ਨੂੰ ਆਪਣੇ ਆਪ ਨਾਲ ਅੰਦਰੂਨੀ ਸਾਂਝ ਪਾਉਣੀ ਪੈਣੀ ਹੈ। ਉਸ ਨੂੰ ਆਪਣਾ ਅੰਦਰ ਖੋਜਣ ਦੀ ਲੋੜ ਹੈ। ਨਹੀਂ ਤਾਂ ਇਹ ਬੀਮਾਰੀਆਂ ਮਨੁੱਖ ਨੂੰ ਘੁਣ ਵਾਂਗ ਅੰਦਰੋਂ ਅੰਦਰ ਖ਼ਤਮ ਕਰਦੀਆਂ ਜਾਂਦੀਆਂ ਹਨ ਜਿਸ ਦਾ ਨਤੀਜਾ ਇਹ ਨਿਕਲਦਾ ਹੈ ਕਿ ਮੌਤ ਸਸਤੀ ਹੋ ਰਹੀ ਹੈ ਅਤੇ ਜ਼ਿੰਦਗੀਆਂ ਮਹਿੰਗੀਆਂ ਹੋ ਰਹੀਆਂ ਹਨ। ਅੱਜ ਆਤਮਹੱਤਿਆ ਕਰ ਲੈਣਾ ਜਾਂ ਫਿਰ ਆਪਣੇ ਕ੍ਰੋਧ ਦਾ ਸ਼ਿਕਾਰ ਦੂਜਿਆਂ ਨੂੰ ਬਣਾ ਕੇ ਖ਼ਤਮ ਕਰ ਦੇਣਾ ਤਾਂ ਆਮ ਜਿਹੀ ਗੱਲ ਹੋ ਗਈ ਹੈ। ਜਿਹੜਿਆਂ ਜ਼ਮਾਨਿਆਂ ਵਿੱਚ ਲੋਕ ਹੱਥੀਂ ਕਿਰਤ ਕਰਦੇ ਸਨ, ਆਲੀਸ਼ਾਨ ਕੋਠੀਆਂ ਦੀ ਥਾਂ ਸਧਾਰਨ ਜਿਹੇ ਘਰਾਂ ਵਿੱਚ ਰਹਿੰਦੇ ਸਨ,ਏ. ਸੀ ਦੀ ਠੰਢੀ ਹਵਾ ਦੀ ਥਾਂ ਆਪ ਹੱਥੀਂ ਪੱਖੀਆਂ ਫੜ ਕੇ ਝੱਲ ਮਾਰਦੇ ਸੌਂ ਜਾਂਦੇ ਸਨ, ਕਾਰਾਂ ਮੋਟਰਾਂ ਦੀ ਥਾਂ ਪੈਦਲ ਤੁਰ ਕੇ ਰਿਸ਼ਤੇਦਾਰੀਆਂ ਵਿੱਚ ਮਿਲ ਆਉਂਦੇ ਸਨ,ਛੱਤੀ ਤਰ੍ਹਾਂ ਦੇ ਪਕਵਾਨਾਂ ਦੀ ਥਾਂ ਦਾਲ ਰੋਟੀ ਨਾਲ ਢਿੱਡ ਭਰ ਕੇ ਆਪਣੇ ਆਪ ਨੂੰ ਖੁਸ਼ਕਿਸਮਤ ਸਮਝਦੇ ਸਨ, ਉਹਨਾਂ ਸਮਿਆਂ ਵਿੱਚ ਨਾ ਆਤਮਹੱਤਿਆ ਦਾ ਰਿਵਾਜ ਸੀ ਤੇ ਨਾ ਨਿੱਕੀ ਨਿੱਕੀ ਗੱਲ ਤੇ ਗੁੱਸਾ ਕਰਕੇ ਦੂਜਿਆਂ ਨੂੰ ਉਸ ਦਾ ਸ਼ਿਕਾਰ ਬਣਾਉਣ ਦਾ ਰਿਵਾਜ ਸੀ। ਜਦ ਕਿ ਉਸ ਸਮੇਂ ਦੇ ਮੁਕਾਬਲੇ ਅੱਜ ਦਾ ਮਨੁੱਖ ਤਾਂ ਸ਼ਾਹੀ ਜੀਵਨ ਬਤੀਤ ਕਰ ਰਿਹਾ ਹੈ। ਗੱਲ ਉੱਥੇ ਹੀ ਆ ਕੇ ਮੁੱਕਦੀ ਹੈ,ਉਹ ਹੈ ਮਨੁੱਖ ਦੇ ਅੰਦਰ ਦੀ ਸੰਤੁਸ਼ਟੀ ਦੀ,ਉਸ ਦੇ ਅੰਦਰ ਪੈਦਾ ਹੋਣ ਵਾਲੇ ਵਿਚਾਰਾਂ ਦੀ , ਕਿਉਂਕਿ ਅੱਜ ਦਾ ਮਨੁੱਖ ਸਹਿਜਤਾ ਵਾਲੀ ਸੋਚ ਤੋਂ ਕੰਮ ਲੈਣਾ ਭੁੱਲ ਗਿਆ ਹੈ।

ਉਪਰੋਕਤ ਪ੍ਰਸਥਿਤੀਆਂ ਪੈਦਾ ਹੋਣ ਤੋਂ ਬਚਣ ਲਈ ਹਰ ਮਨੁੱਖ ਨੂੰ ਬਾਹਰੀ ਸਮਾਜਿਕ ਰਿਸ਼ਤਿਆਂ ਦੇ ਜੋੜ ਤੋੜ ਸਮੇਂ ਆਪਣੇ ਅੰਦਰ ਨਾਲ ਵਿਚਾਰ ਵਟਾਂਦਰਾ ਕਰਨ ਲਈ ਆਪਣੇ ਆਪ ਨੂੰ ਤਿਆਰ ਕਰਨਾ ਸਿੱਖਣਾ ਪਵੇਗਾ। ਜਿਹੜੇ ਵਿਅਕਤੀ ਆਪਣੇ ਸਾਰੇ ਫ਼ੈਸਲੇ ਸਹਿਜਤਾ ਅਤੇ ਸੰਜਮਤਾ ਨਾਲ ਲੈਂਦੇ ਹਨ ਉਹ ਲੋਕ ਜਾਣੇ ਅਣਜਾਣੇ ਵਿੱਚ ਕਿਤੇ ਨਾ ਕਿਤੇ ਆਪਣੇ ਅੰਦਰ ਨਾਲ ਜੁੜੇ ਹੋਏ ਹੁੰਦੇ ਹਨ। ਸਾਡਾ ਬਾਹਰੀ ਵਰਤਾਰਾ ਸਾਡੇ ਅੰਦਰ ਉੱਪਰ ਨਿਰਭਰ ਕਰਦਾ ਹੈ। ਪਹਿਲੇ ਸਮਿਆਂ ਵਿੱਚ ਪਰਿਵਾਰਾਂ ਦੇ ਵੱਡੇ ਹੋਣ ਕਰਕੇ ਅਤੇ ਲੋਕਾਂ ਦੀ ਜੀਵਨਸ਼ੈਲੀ ਸਾਦੀ ਤੇ ਸਧਾਰਨ ਹੋਣ ਕਰਕੇ , ਲੋਕਾਂ ਦਾ ਆਪਸ ਵਿੱਚ ਰੁੱਝੇ ਰਹਿਣ ਕਰਕੇ, ਹੱਥੀਂ ਮਿਹਨਤ ਕਰਨ ਕਰਕੇ ਅਤੇ ਸਾਧਨਾਂ ਦੀ ਕਮੀ ਹੋਣ ਕਰਕੇ ਜ਼ਿਆਦਾ ਸਮਾਂ ਆਪਣੇ ਪਰਿਵਾਰਕ ਅਤੇ ਸਮਾਜਿਕ ਜੀਵਨ ਨੂੰ ਨਿਭਾਉਂਦੇ ਹੋਏ ਬਤੀਤ ਕਰਦੇ ਸਨ ਜਿਸ ਕਰਕੇ ਉਹਨਾਂ ਕੋਲ ਸੋਚਣ ਦਾ ਸਮਾਂ ਘੱਟ ਹੁੰਦਾ ਸੀ ਤੇ ਉਹ ਮਾਨਸਿਕ ਬੀਮਾਰੀਆਂ ਤੋਂ ਦੂਰ ਰਹਿੰਦੇ ਸਨ। ਨਾ ਉਦੋਂ ਕਿਸੇ ਨੂੰ ਡਿਪਰੈਸ਼ਨ ਹੁੰਦਾ ਸੀ,ਨਾ ਆਤਮਹੱਤਿਆ ਵਰਗੀਆਂ ਘਟਨਾਵਾਂ ਤੇ ਨਾ ਹੀ ਕਤਲੋਗਾਰਦ ਵਰਗੀਆਂ ਘਟਨਾਵਾਂ ਹੁੰਦੀਆਂ ਸਨ। ਪਰ ਹੁਣ ਜ਼ਮਾਨਾ ਉਸ ਤੋਂ ਬਹੁਤ ਉਲਟ ਚੱਲ ਰਿਹਾ ਹੈ। ਅੱਜ ਪਰਿਵਾਰਕ ਸਾਂਝਾਂ ਘਟ ਗਈਆਂ ਹਨ, ਪਦਾਰਥਵਾਦੀ ਯੁੱਗ ਹੋਣ ਕਰਕੇ ਹਰ ਮਨੁੱਖ ਉੱਪਰ ਘੱਟ ਸਮੇਂ ਵਿੱਚ ਵੱਧ ਪੈਸਾ ਕਮਾਉਣ ਦੀ ਹੋੜ, ਇੰਟਰਨੈੱਟ ਅਤੇ ਮੋਬਾਈਲ ਫੋਨਾਂ ਦਾ ਬੋਲਬਾਲਾ ਜੋ ਸਿੱਧੇ ਤੌਰ ਤੇ ਮਨੁੱਖ ਨੂੰ ਮਾਨਸਿਕ ਤਣਾਓ ਵਿੱਚ ਲਿਜਾ ਰਿਹਾ ਹੈ ।ਹਉਮੈ ਦਾ ਬੋਲਬਾਲਾ ਹੈ ਜਿਸ ਕਾਰਨ ਮਨੁੱਖ ਆਪਸੀ ਵਿਚਾਰਕ ਸਾਂਝਾਂ ਕਰਨ ਨੂੰ ਆਪਣੀ ਹੇਠੀ ਸਮਝਦਾ ਹੈ। ਪੱਛਮੀ ਪ੍ਰਭਾਵ ਵਾਲੀ ਸੱਭਿਅਤਾ ਅਨੁਸਾਰ ਰਹਿਣ ਸਹਿਣ ਬਣਾਉਣ ਦੀ ਕੋਸ਼ਿਸ਼ ਕਰਦੇ ਕਰਦੇ ਅੱਜ ਦਾ ਮਨੁੱਖ ਜਿੱਥੇ ਰਿਸ਼ਤਿਆਂ ਤੋਂ ਦੂਰ ਹੋ ਰਿਹਾ ਹੈ ਉੱਥੇ ਉਹ ਆਪਣੇ ਆਪ ਤੋਂ ਵੀ ਦੂਰ ਹੋ ਰਿਹਾ ਹੈ ਜਿਸ ਕਰਕੇ ਛੋਟੀ ਜਿਹੀ ਮੁਸੀਬਤ ਆਉਣ ਤੇ ਆਤਮਹੱਤਿਆ ਵਰਗੇ ਕਦਮ ਉਠਾਉਣੇ ਜਾਂ ਦੂਜਿਆਂ ਪ੍ਰਤੀ ਹਿੰਸਕ ਪ੍ਰਵਿਰਤੀ ਪੈਦਾ ਕਰ ਲੈਣੀ ਆਮ ਜਿਹੀ ਗੱਲ ਹੋ ਗਈ ਹੈ। ਅੱਜ ਦੇ ਜ਼ਮਾਨੇ ਵਿੱਚ ਹਰ ਮਨੁੱਖ ਨੂੰ ਤਣਾਅ ਅਤੇ ਕ੍ਰੋਧ ਤੋਂ ਬਚਣ ਲਈ ਹਰ ਰੋਜ਼ ਸਵੇਰੇ ਉੱਠਣਸਾਰ ਆਪਣੇ ਆਪ ਨੂੰ ਚੰਗੀ ਸੋਚ ਅਤੇ ਵਿਚਾਰ ਪੈਦਾ ਕਰਕੇ ਨਵੇਂ ਦਿਨ ਲਈ ਤਿਆਰ ਕਰਨਾ ਚਾਹੀਦਾ ਹੈ। ਜਿਵੇਂ ਤਿਆਰ ਜ਼ਮੀਨ ਵਿੱਚ ਜਿਹੋ ਜਿਹਾ ਬੀਜ ਪਾਇਆ ਜਾਂਦਾ ਹੈ ਉਸੇ ਤਰ੍ਹਾਂ ਦੀ ਫ਼ਸਲ ਹੀ ਉੱਗਦੀ ਹੈ ਉਸੇ ਤਰ੍ਹਾਂ ਸਵੇਰ ਉੱਠਦੇ ਸਾਰ ਮਨ ਵਿਚ ਚੰਗੇ ਵਿਚਾਰਾਂ ਦੇ ਬੀਜ ਪਾਏ ਜਾਣਗੇ ਤਾਂ ਸਾਰਾ ਦਿਨ ਚੰਗਾ ਹੀ ਬੀਤੇਗਾ। ਜਦ ਸਾਰਾ ਦਿਨ ਚੰਗੇ ਵਿਚਾਰਾਂ ਦਾ ਧਾਰਨੀ ਬਣ ਕੇ ਮਨੁੱਖ ਸਮਾਜ ਵਿੱਚ ਵਿਚਰੇਗਾ ਤਾਂ ਸਮਾਜ ਤੋਂ ਵੀ ਉਹੀ ਕੁਝ ਹਾਸਿਲ ਹੋਵੇਗਾ। ਅੱਜ ਦੇ ਮਨੁੱਖ ਨੂੰ ਗੱਲ ਗੱਲ ਤੇ ਆਪਣੇ ਆਪ ਨੂੰ ਅੰਦਰੋਂ ਤਿਆਰ ਕਰਨ ਦੀ ਲੋੜ ਹੈ। ਉਦਾਹਰਣ ਦੇ ਤੌਰ ਤੇ ਕੰਮ ਕਾਰ ਦੀ ਵਜ੍ਹਾ ਕਰਕੇ ਜੇ ਕੋਈ ਗ਼ਲਤ ਵਿਅਕਤੀ ਤੁਹਾਡੇ ਸੰਪਰਕ ਵਿੱਚ ਆ ਗਿਆ ਹੈ, ਉਸ ਤੋਂ ਦੂਰੀ ਬਣਾਉਣ ਬਾਰੇ ਸੋਚਿਆ ਜਾਵੇ ਨਾ ਕਿ ਉਸ ਨਾਲ ਉਲਝਿਆ ਜਾਏ,ਜੇ ਕੋਈ ਮੁਸੀਬਤ ਆ ਗਈ ਹੈ ਤਾਂ ਉਸ ਦਾ ਹੱਲ ਕੱਢਣ ਬਾਰੇ ਸੋਚਣ ਦੀ ਲੋੜ ਹੁੰਦੀ ਹੈ ਨਾ ਕਿ ਆਪਣਾ ਦਿਮਾਗ਼ੀ ਸੰਤੁਲਨ ਗਵਾ ਲਿਆ ਜਾਏ। ਜਾਇਦਾਦ ਜਾਂ ਪੈਸੇ ਧੇਲੇ ਦੇ ਝਗੜੇ ਆਪਸ ਵਿੱਚ ਬੈਠ ਕੇ ਸੁਲਝਾਉਣ ਲਈ ਸੋਚਿਆ ਜਾਵੇ ਨਾ ਕਿ ਮਰਨ ਮਰਾਉਣ ਦੀਆਂ ਗੱਲਾਂ ਕਰਕੇ ਗ਼ਲਤ ਫ਼ੈਸਲੇ ਲਏ ਜਾਣ। ਜੇ ਕਰਜ਼ਾ ਲਿਆ ਹੈ ਤਾਂ ਮਿਹਨਤ ਕਰਕੇ ਉਸ ਨੂੰ ਲਾਹੁਣ ਲਈ ਸੋਚਿਆ ਜਾਵੇ ਨਾ ਕਿ ਆਤਮਹੱਤਿਆ ਕਰਕੇ ਛੁਟਕਾਰਾ ਪਾਉਣ ਲਈ ਸੋਚਿਆ ਜਾਵੇ। ਆਪਣੇ ਆਪ ਨੂੰ ਅੰਦਰੋਂ ਐਨਾ ਸਮਝਦਾਰ ਸਮਝੋ ਕਿ ਜੋ ਮੁਸੀਬਤ ਦਾ ਹੱਲ ਤੁਸੀਂ ਸੋਚ ਰਹੇ ਹੋ ਉਹ ਬਿਲਕੁਲ ਸਹੀ ਹੀ ਹੋਵੇਗਾ। ਜਿੰਨਾਂ ਤੁਸੀਂ ਆਪਣੇ ਆਪ ਨੂੰ ਗ਼ਲਤੀਆਂ ਕਰਨ ਤੋਂ ਰੋਕੋਗੇ ਓਨੇ ਹੀ ਤੁਸੀਂ ਵਧੀਆ ਇਨਸਾਨ ਬਣਦੇ ਜਾਵੋਗੇ, ਜਿੰਨਾਂ ਆਪਣੇ ਆਪ ਨੂੰ ਹੌਸਲਾ ਦੇਵੋਗੇ ਓਨੇ ਹੀ ਦਲੇਰ ਬਣਦੇ ਜਾਵੋਗੇ, ਜਿੰਨਾਂ ਖ਼ੁਸ਼ ਰੱਖਣ ਦੀ ਕੋਸ਼ਿਸ਼ ਕਰੋਗੇ ਓਨਾ ਹੀ ਜੀਵਨ ਖ਼ੁਸ਼ਹਾਲ ਬਣਦਾ ਜਾਵੇਗਾ, ਜਿੰਨਾਂ ਸਵੈ ਪ੍ਰੇਰਕ ਬਣੋਗੇ ਓਨਾਂ ਹੀ ਦੁਨੀਆਂ ਲਈ ਪ੍ਰੇਰਨਾਸ੍ਰੋਤ ਬਣਦੇ ਜਾਵੋਗੇ। ਇਸ ਤਰ੍ਹਾਂ ਅੱਜ ਦੀ ਭੱਜ ਦੌੜ ਅਤੇ ਤਣਾਓ ਭਰਪੂਰ ਵਾਲੀ ਜ਼ਿੰਦਗੀ ਵਿੱਚ ਨਾਕਾਰਤਮਕਤਾ ਦੂਰ ਕਰਨ ਲਈ ਆਪਣੇ ਅੰਦਰ ਦੀਆਂ ਅਣਗੌਲੀਆਂ ਸ਼ਕਤੀਆਂ ਨੂੰ ਉਜਾਗਰ ਕਰਨ ਲਈ ਆਪਣੇ ਆਪ ਨਾਲ ਤੇ ਆਪਣੇ ਮਨ ਨਾਲ ਜੁੜਨਾ ਬਹੁਤ ਜ਼ਰੂਰੀ ਹੈ। ਜਦੋਂ ਮਨੁੱਖ ਕਿਸੇ ਵੀ ਮੁਸੀਬਤ ਸਮੇਂ ਸਵੈ ਵਿਚਾਰ ਵਟਾਂਦਰਾ ਕਰਕੇ ਹੱਲ ਕੱਢਣ ਦੇ ਯੋਗ ਹੋ ਜਾਵੇਗਾ ਤਾਂ ਸਮਝੋ ਉਹ ਕਿਸੇ ਵੀ ਪ੍ਰਸਥਿਤੀ ਨੂੰ ਹਰਾਉਣ ਦੇ ਯੋਗ ਹੋ ਜਾਵੇਗਾ ।



**ਬਰਜਿੰਦਰ ਕੌਰ ਬਿਸਰਾਓ...**
**9988901324**

# ਆਸਟਰੇਲੀਆ ਵਿੱਚ ਸਬਜ਼ੀ ਤੇ ਗਰਾਸਰੀ

ਅਸਟਰੇਲੀਆ ਦੇ ਬਾਜ਼ਾਰਾਂ ਵਿੱਚ ਸਬਜ਼ੀ ਦੀਆਂ ਰੇਹੜੀਆਂ ਨਹੀਂ ਹੁੰਦੀਆਂ ਤੇ ਨਾ ਹੀ ਕੋਈ ਵੱਖਰੀ ਸਬਜ਼ੀ ਮੰਡੀ ਨਜ਼ਰ ਆਉਂਦੀ ਹੈ। ਕੋਈ ਦੋਧੀ ਘਰਾਂ ਵਿੱਚ ਦੁੱਧ ਪਾਉਣ ਨਹੀਂ ਆਉਂਦਾ ਤੇ ਨਾ ਹੀ ਕੋਈ ਨਿੱਕੀਆਂ ਹੱਟੀਆਂ ਹਨ। ਇੱਥੇ ਮੋਟਰ ਸਾਈਕਲ ਸਕੂਟਰ ਸਾਈਕਲ ਨਾਮਤਰ ਹਨ। ਕੋਈ ਰੇਹੜੀ ਰਿਕਸ਼ਾ ਰੇਹੜੀ ਆਟੋ ਨਜ਼ਰ ਨਹੀਂ ਆਉਂਦਾ ਫਿਰ ਖੋਤਾ ਰੇਹੜੀ ਤਾਂ ਨਜਰ ਕ੍ਰੀ ਆਉਣੀ ਸੀ। ਸਬਜ਼ੀ, ਦੁੱਧ, ਦਹੀਂ ਪਨੀਰ ਮੱਖਣ ਅਤੇ ਗਰਾਸਰੀ ਲਈ ਵੱਡੇ ਮਾਲ ਹਨ ਜਾਂ ਸਟੋਰ। ਇੰਡੀਅਨ ਲੋਕਾਂ ਲਈ ਅਲੱਗ ਗਰਾਸਰੀ ਸਟੋਰ ਅਤੇ ਰੇਸਟਰਾਂ ਹਨ। ਸਬਜ਼ੀ ਗਰਾਸਰੀ ਸਟੋਰਾਂ ਤੋਂ ਮਿਲਦੀ ਹੈ। ਖੁੱਲ੍ਹਾ ਦੁੱਧ ਨਹੀਂ ਮਿਲਦਾ। ਇੱਥੇ ਤਿੰਨ ਸਾਢੇ ਤਿੰਨ ਲੀਟਰ ਦੀ ਕੈਨੀ ਮਿਲਦੀ ਹੈ। ਹਰ ਸਬਜ਼ੀ ਦੀ ਵਿਰਾਇਟੀ ਹੁੰਦੀ ਹੈ। ਗੋਭੀ ਵੱਡੀ ਛੋਟੀ ਯਾਨੀ ਗੋਭੀ ਦਾ ਫੁੱਲ ਦੋ ਕਿਲੋ ਦਾ ਵੀ ਹੋ ਸਕਦਾ ਹੈ ਕਰੇਲੇ ਆਪਣੇ ਕਰੇਲਿਆਂ ਨਾਲੋਂ ਤਿੰਨ ਚਾਰ ਗੁਣਾ ਵੱਡੇ, ਖੁੰਬ ਆਪਣੀ ਭਾਰਤੀ ਖੁੰਬ ਨਾਲੋਂ ਚਾਰ ਗੁਣਾ ਵੱਡੀ ਤੇ ਸਫੈਦ। ਹਰ ਸਾਈਜ਼ ਦਾ ਪਿਆਜ਼, ਕਈ ਆਕਾਰ ਦੀ ਲਸਣ ਮੂਲੀਆਂ ਦੇ ਨਵੇ ਨਵੇਂ



ਰੂਪ। ਫੁੱਟ ਲੰਮੀ ਤੋਰੀ ਪ੍ਰੰਤੂ ਜਵਾਂ ਕੱਚੀ। ਸਬਜ਼ੀਆਂ ਕੱਟੀਆਂ ਕਟਾਈਆਂ ਵੀ ਮਿਲਦੀਆਂ ਹਨ। ਤਰਬੂਜ਼, ਪੇਠਾ, ਬੰਦ ਗੋਭੀ ਅਤੇ ਖਰਬੂਜਾ ਕੱਟਿਆ ਹੋਇਆ ਪ੍ਰੰਤੂ ਲੈਮੀਨੇਟਡ, ਪਾਲਕ, ਧਨੀਆ, ਮੇਥੀ, ਪੁਦੀਨਾ ਸਭ ਪਲਾਸਟਿਕ ਦੇ ਲਿਫਾਫੇ ਵਿੱਚ ਪੈਕਡ। ਇਸ ਤੋਂ ਇਲਾਵਾ ਵੱਖ ਵੱਖ ਕਿਸਮਾਂ ਦੇ ਆਲੂ ਵੱਖਰੀ ਵੱਖਰੀ ਪੈਕਿੰਗ ਵਿੱਚ ਮਿਲਦੇ ਹਨ। ਹਰ ਤਰ੍ਹਾਂ ਦੀ ਮੂੰਗੀ ਮਸਰੀ ਉੜਦ ਤੁਅਰ ਮੋਠ ਕਾਲੀ ਮੂੰਗੀ ਸਾਬਤ ਮੂੰਗੀ ਰਾਜ ਮਾਂਹ, ਲੋਬੀਆ ਅਤੇ ਦੂਸਰੀਆਂ ਦਾਲਾਂ ਤੇ ਅਨਾਜ਼ ਦੀ ਕਿਲੋ ਦੀ ਪੈਕਿੰਗ, ਹਰ ਕਿਸਮ ਦਾ ਕਣਕ, ਜੌਂ, ਮੱਕੀ, ਬਾਜਰੀ, ਰਾਗੀ, ਕੱਟੂ, ਆਟਾ ਬੇਸਣ ਯਾਨੀ ਕਿਲੋ ਤੋਂ ਘੱਟ ਪੈਕਿੰਗ ਨਹੀਂ ਤੇ ਰੇਟ ਤਿੰਨ ਤੋਂ ਪੰਜ ਡਾਲਰ ਹੁੰਦਾ ਹੈ। ਇਥੇ ਹਰ ਰੇਟ ਮਗਰ .99 ਲਗਾਉਣ ਦਾ ਰਿਵਾਜ ਹੈ। ਛੋਟੀ ਪੈਕਿੰਗ ਬਹੁਤ ਮਹਿੰਗੀ ਅਤੇ ਵੱਡੀ ਪੈਕਿੰਗ ਬਹੁਤ ਸਸਤੀ ਮਿਲਦੀ ਹੈ। ਯਾਨੀ ਹਰ ਚੀਜ਼ ਚਾਰ ਪੰਜ ਸੌ ਤੋਂ ਘੱਟ ਨਹੀਂ। ਅਸਟੇਲੀਅਨ ਡਾਲਰ ਕੋਈ ਪੈਹੰਟ ਛਿਆਹਟ ਰੁਪਏ ਦਾ ਹੈ। ਦਸ ਡਾਲਰ ਦੀ ਦਹੀਂ ਭੱਲੇ, ਦਹੀਂ ਪਾਪੜੀ, ਗੋਲਗੱਪੇ ਦੀ ਪਲੇਟ, ਸਮੋਸੇ ਕਚੋਰੀ ਦੀ ਪਲੇਟ ਪੰਜ ਡਾਲਰ ਦੀ। ਸਬਜ਼ੀ ਦੀ ਪਲੇਟ ਬਾਰਾਂ ਤੋਂ ਸਤਾਰਾਂ ਡਾਲਰ। ਮਤਲਬ ਇੱਕ ਹਜ਼ਾਰ ਦੇ ਕਰੀਬ ਰੋਟੀ ਨਾਨ ਚਾਰ ਪੰਜ ਡਾਲਰ ਦਾ। ਕਿਸੇ ਵੀ ਸਟੋਰ ਦਾ ਮਤਲਬ ਉਸ ਕੋਲ੍ਹ ਪੰਦਰਾਂ ਵੀਹ ਗੱਡੀਆਂ ਦੀ ਪਾਰਕਿੰਗ ਹੋਣਾ ਜਰੂਰੀ ਹੈ। ਗਲਤ ਪਾਰਕਿੰਗ ਲਈ ਦੋ ਤਿੰਨ ਸੌ ਡਾਲਰ ਦੀ ਪਰਚੀ। ਡਾਲਰਾਂ ਦੀ ਕਮਾਈ ਡਾਲਰਾਂ ਚ ਹੀ ਜਾਂਦੀ ਹੈ। ਇੰਡੀਅਨ ਕਰੰਸੀ ਦੇ ਬਦਲੇ ਵਿੱਚ ਖਰੀਦੇ ਡਾਲਰ ਖਰਚਣ ਵੇਲੇ ਦਿਮਾਗ ਭੂਆਂ ਭੂਆ ਕਰਨ ਲਗਦਾ ਹੈ।



**ਰਮੇਸ ਸੇਠੀ ਬਾਦਲ**
**9876627233**

# ਡਾ. ਅੰਬੇਡਕਰ ਬੁੱਧਿਸਟ ਆਰਗੇਨਾਈਜੇਸ਼ਨ ਬ੍ਰਮਿੰਘਮ ਯੂਕੇ ਵਲੋਂ ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਜੀ ਦਾ ਜਨਮਦਿਨ ਮਨਾਇਆ ਗਿਆ
















**ਸਮਾਜ ਵੀਕਲੀ ਯੂ ਕੇ ਬ੍ਰਮਿੰਘਮ–** ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਜੀ ਦਾ 135ਵਾਂ ਜਨਮਦਿਨ 3 ਮਈ 2026 ਦਿਨ ਐਤਵਾਰ ਨੂੰ ਬ੍ਰਮਿੰਘਮ ਵਿਖੇ ਡਾ. ਅੰਬੇਡਕਰ ਬੁੱਧਿਸਟ ਆਰਗੇਨਾਈਜੇਸ਼ਨ ਬ੍ਰਮਿੰਘਮ ਯੂਕੇ ਵਲੋਂ ਬੜੇ ਉਤਸ਼ਾਹ 'ਤੇ ਸ਼ਰਧਾ ਭਾਵ ਨਾਲ ਮਨਾਇਆ ਗਿਆ. ਪ੍ਰੋਗ੍ਰਾਮ ਦੀ ਸ਼ੁਰੂਆਤ ਭੰਤੇ ਜੀ ਦੁਆਰਾ ਦਿਤੀ ਗਈ ਤ੍ਰੀਸ਼ਰਣ ਅਤੇ ਪੰਜਸ਼ੀਲ ਨਾਲ ਕੀਤੀ ਗਈ। ਇਸ ਪ੍ਰੋਗ੍ਰਾਮ ਵਿਚ ਬਹੁਤ ਸਾਰੇ ਬੁਲਾਰਿਆਂ ਨੇ ਭਾਗ ਲਿਆ ਅਤੇ ਬਾਬਾ ਸਾਹਿਬ ਦੇ ਮਿਸ਼ਨ ਅਤੇ ਭਾਰਤ ਅੰਦਰ ਗਰੀਬ ਮਜਲੂਮ ਅਛੂਤ ਸਮਾਜ ਨਾਲ ਜਿਹੜਾ ਜਾਤ ਪਾਤ ਛੂਤ-ਛਾਤ ਅਤੇ ਹੋਰ ਅਨੇਕਾਂ ਪ੍ਰਕਾਰ ਦਾ ਗੈਰ ਮਨੁਖੀ ਵਰਤਾਉ ਕੀਤਾ ਜਾਂਦਾ ਹੈ, ਉਸ ਉਪੱਰ ਵੀ ਬੁਲਾਰਿਆਂ ਨੇ ਖੁੱਲ ਕੇ ਵਿਚਾਰ ਰਖੇ ਅਤੇ ਨਾਲ ਨਾਲ ਹੋ ਰਹੇ ਇਸ ਵਿਤਕਰੇ ਦੀ ਨਿੰਦਿਆ ਵੀ ਕੀਤੀ. ਇਸ ਤੋਂ ਇਲਾਵਾ ਕੌਮੰਤਰੀ ਪਧੱਰ ਉੱਤੇ ਹੋ ਰਹੀ ਰਾਜਸੀ ਉਥਲ ਪੁਥਲ ਵਾਰੇ ਵੀ ਚਰਚਾ ਹੋਈ. ਸਾਧਾਂ, ਸ਼ੰਤਾਂ, ਬਾਬਿਆਂ ਦੇ ਡੇਰਿਆਂ ਵਲੋਂ ਫੈਲਾਏ ਜਾ ਰਹੇ ਰੂੜੀਵਾਦੀ ਅੰਧਵਿਸ਼ਵਾਸ ਵਾਰੇ ਵੀ ਬੋਲਿਆ ਗਿਆ ਅਤੇ ਲੋਕਾਂ ਨੂੰ ਤਰੱਕਵਾਦੀ ਹੋਣ ਦਾ ਸੁਨੇਹਾ ਦਿਤਾ. ਇਸ ਵਿਸ਼ੇ ਤੇ ਕਵੀ ਖੁਸ਼ਵਿੰਦਰ ਬਿੱਲਾ ਦੀ ਕਵਿਤਾ ਬੜੀ ਢੁਕਵੀਂ ਸੀ।

ਇਸ ਪ੍ਰੋਗ੍ਰਾਮ ਵਿਚ ਹੋਰ ਬੁਲਾਰਿਆਂ ਅਤੇ ਕਵੀਆਂ ਦੇ ਨਾਲ ਨਾਲ ਲੈਸਟਰ ਤੋਂ ਆਈ ਡਬਲਿਊ ਏ ਦੇ ਜਨਰਲ ਸਕੱਤਰ ਸੀਤਲ ਸਿੰਘ ਗਿੱਲ ਅਤੇ ਮਾਨਚੈਟਰ ਤੋਂ ਧੰਮਾਂਚਾਰੀ ਰਤਨ ਸਾਗਰ ਵਿਸ਼ੇਸ਼ ਤੌਰ ਤੇ ਪਹੰਚੇ ਅਤੇ ਆਪਣੇ ਵਿਚਾਰ ਸਾਂਝੇ ਕੀਤੇ।


ਭਾਰਤ ਅੰਦਰ ਬੜੇ ਲੰਮੇ ਸਮੇਂ ਤੋਂ ਬੋਧੀਆਂ ਦੇ ਪਵਿਤਰ ਧਾਰਮਿਕ ਅਸਥਾਨ 'ਬੁੱਧ ਗਯਾ' ਉਪੱਰ ਬ੍ਰਾਮਣਾਂ ਵਲੋਂ ਕੀਤੇ ਹੋਏ ਕਬਜੇ ਨੂੰ ਹਟਾਉਣ ਲਈ ਬੋਧੀਆਂ ਵਲੋਂ ਸੰਘਰਸ਼ ਕੀਤਾ ਜਾ ਰਿਹਾ ਹੈ। ਇਸ ਅਮਦੋਲਨ ਵਿਚ ਸ਼ਾਂਤਮਈ ਮੁਜਾਹਰੇ, ਧਰਨੇ, ਭੁੱਖ ਹੜਤਾਲਾਂ ਹੁੰਦੇ ਆ ਰਹੇ ਹਨ. ਅੱਜ ਕਲ ਇ ਅੰਦੋਲਨ ਦਿੱਲੀ ਵਿਚ ਵੀ ਚੱਲ ਰਿਹਾ ਹੈ. ਸੂਬਾਈ ਅਤੇ ਕੇਂਦਰ ਸਰਕਾਰ ਨੂੰ ਵਾਰ ਵਾਰ ਮੰਗਪਤੱਰ ਦਿਤੇ ਗਏ ਹਨ, ਭਾਰਤ ਦੀ ਪਾਰਲੀਆਮੈਂਟ ਵਿਚ ਵੀ ਇਸ ਮਸਲੇ ਉਪੱਰ ਕਈ ਵਾਰ ਚਰਚਾ ਹੋ ਚੁੱਕੀ ਹੈ, ਪਰ ਭਾਰਤ ਦੀ ਬ੍ਰਾਮਣਵਾਦੀ ਫਿਰਕੂ ਸਰਕਾਰ ਇਸ ਅੱਤਿ ਗੰਭੀਰ ਮਸਲੇ ਨੂੰ ਨਜਰਅੰਦਾਜ ਕਰਦੀ ਆ ਰਹੀ ਹੈ. ਅਗਰ ਭਾਰਤ ਸਰਕਾਰ ਇਸ ਜਾਇਜ ਅਤੇ ਸ਼ਾਂਤਮਈ ਅੰਦੋਲਨ ਦੀ ਮੰਗ ਨੂੰ ਸਵੀਕਾਰ ਨਹੀਂ ਕਰਦੀ ਤਾਂ ਇਹ ਅੰਦੋਲਨ ਵਿਸ਼ਵ ਪੱਧਰ ਉਪੱਰ ਫੈਲ ਜਾਵੇਗਾ, ਇਸ ਤਰਾਂ ਵਿਸ਼ਵ ਭਰ ਵਿਚ ਭਾਰਤ ਦੀ ਬਚੀ ਖੁਚੀ ਸ਼ਾਖ ਹੋਰ ਵੀ ਖਰਾਬ ਹੋ ਜਾਵੇਗੀ. ਸੰਸਥਾ ਵਲੋਂ ਮੰਗ ਕੀਤੀ ਗਈ ਹੈ ਕਿ ਭਾਰਤ ਸਰਕਾਰ ਇਸ ਮੰਗ ਨੂੰ ਤਰੰਤ ਸਵੀਕਾਰ ਕਰੇ. ਭਾਰਤ ਅੰਦਰ ਚੱਲ ਰਹੇ ਇਸ ਅੰਦੋਲਨ ਦਾ ਭਰਵਾਂ ਸਮਰਥਨ ਕੀਤਾ ਜਾਂਦਾ ਹੈ।

ਭਾਰਤ ਤੋਂ ਆਏ ਮਸ਼ਹੂਰ ਪੰਜਾਬੀ ਗਾਇਕ ਧਰਮਿੰਦਰ ਮਸਾਨੀ ਨੇ ਆਪਣੇ ਮਿਸ਼ਨਰੀ ਗੀਤਾਂ ਨਾਲ ਮਨੋਰੰਜਨ ਕੀਤਾ ਅਤੇ ਬਾਬਾ ਸਾਹਿਬ ਜੀ ਦਾ ਸੁਨੇਹਾ ਵੀ ਦਿਤਾ. ਸਟੇਜ ਸਕੱਤਰ ਦੀ ਜਿਮੇਂਦਾਰੀ ਸ਼ੰਸਥਾ ਦੇ ਜਨਰਲ ਸੈਕਟਰੀ ਦਵਿੰਦਰ ਚੰਦਰ ਨੇ ਬਾਖੂਬੀ ਨਿਭਾਈ. ਇਹ ਪ੍ਰੋਗਰਾਮ ਸੰਸਥਾ ਦੇ ਪ੍ਰਧਾਨ ਗੁਰਦਵਿੰਦਰ ਕੁਮਾਰ ਜੀ ਦੀ ਪ੍ਰਧਾਨਗੀ ਹੇਠ ਹੋਇਆ ਅਤੇ ਅੰਤ ਵਿਚ ਉਨ੍ਹਾਂ ਆਏ ਹੋਏ ਸਾਰੇ ਭੈਣਾਂ ਭਰਾਵਾਂ ਦਾ ਧੰਨਵਾਦ ਕੀਤਾ ਅਤੇ ਅਗੋਂ ਵੀ ਇਵੇਂ ਹੀ ਸਾਥ ਦਿੰਦੇ ਰਹਿਣ ਦੀ ਅਪੀਲ ਕੀਤੀ।

**(ਸੰਬਧਿਤ ਫੋਟੋਆਂ ਪੇਜ 18 ਤੇ)**




Devinder Chander


Gurdevinder Kumar


Dhammachari Ratana Sagar


Sital Singh Gill


Manohar Virdi


Mata Savitary


Bittu


Tarsem Chahal


Dr. Harish Malhotra


Manohar Gindha


Sachdev Virdi

# ਉੱਚੀ ਬਿਲਡਿੰਗ ਤੋਂ ਆਪਣੇ ਬੱਚੇ ਨੂੰ ਸੁੱਟ ਕੇ ਮਾਰਨ ਵਾਲੀ ਮਾਂ ਨੂੰ ਅਦਾਲਤ ਨੇ ਕਾਤਲ ਨਹੀਂ ਮੰਨਿਆ

## ਫੈਸਲੇ ਵਿੱਚ 'ਸਜੋਫਰੀਨੀਆ' ਬਿਮਾਰੀ ਨਾਲ ਪੀੜਤ ਹੋਣ ਦਾ ਦਿੱਤਾ ਹਵਾਲਾ

**ਵੈਨਕੂਵਰ, ਮਈ (ਮਲਕੀਤ ਸਿੰਘ)–** 'ਸਿਜੋਫਰੇਨੀਆ' ਨਾਮੀ ਮਾਨਸਿਕ ਬਿਮਾਰੀ ਨਾਲ ਪੀੜਤ ਇੱਕ ਔਰਤ ਵੱਲੋਂ ਉੱਚੀ ਬਿਲਡਿੰਗ ਤੋਂ ਆਪਣੇ ਹੀ ਚਾਰ ਮਹੀਨੇ ਦੇ ਬੱਚੇ ਨੂੰ ਕੂੜੇ ਵਾਲੀ ਪਾਈਪ ਚ ਸੁੱਟ ਕੇ ਮਾਰ ਦੇਣ ਦੀ ਘਟਨਾ ਮਗਰੋਂ ਉਸ ਵਿਰੁੱਧ ਚੱਲ ਰਹੇ ਕੇਸ ਦੀ ਸੁਣਵਾਈ ਦੌਰਾਨ ਮਾਨਯੋਗ ਅਦਾਲਤ ਵੱਲੋਂ ਉਸਦੀ ਮਾਨਸਿਕ ਹਾਲਤ ਨੂੰ ਦੇਖਦਿਆਂ ਕਾਤਲ ਨਹੀਂ ਮੰਨਿਆ ਗਿਆ ਅਦਾਲਤੀ ਦਸਤਾਵੇਜ਼ਾਂ ਅਨੁਸਾਰ ਇਹ ਘਟਨਾ ਨਵੰਬਰ 2024 ਦੀ ਹੈ। ਟੋਰਾਂਟੋ ਦੀ ਇਕ ਉੱਚੀ ਇਮਾਰਤ ਦੀ ਅੱਠਵੀਂ ਮੰਜ਼ਿਲ 'ਤੇ ਰਹਿਣ ਵਾਲੀ ਇਸ ਮਹਿਲਾ ਨੇ ਆਪਣੇ ਪਤੀ ਦੇ ਘਰੋਂ ਬਾਹਰ ਜਾਣ ਤੋਂ ਬਾਅਦ ਆਪਣੇ ਚਾਰ ਮਹੀਨੇ ਦੇ ਬੱਚੇ ਨੂੰ ਕੂੜੇ ਵਾਲੀ ਪਾਈਪ ਵਿਚ ਸੁੱਟ ਦਿੱਤਾ ਸੀ ਅਤੇ ਖੁਦ ਵੀ ਉੱਥੋਂ ਕੁਦਣ ਦੀ ਕੋਸ਼ਿਸ਼ ਕੀਤੀ ਸੀ ਬਾਅਦ ਵਿੱਚ ਬੱਚੇ ਦੇ ਪਿਤਾ ਵੱਲੋਂ ਪੁਲਿਸ ਦੀ ਮਦਦ ਨਾਲ ਕੀਤੀ ਪੜਤਾਲ ਦੌਰਾਨ ਬੱਚੇ ਦੀ ਲਾਸ਼ ਬਿਲਡਿੰਗ ਦੇ ਬੇਸਮੈਂਟ ਵਿਚ ਕੂੜੇ ਚੋ ਮਿਲੀ ਸੀ ਜਿਸ ਮਗਰੋਂ ਮੌਕੇ ਤੇ ਗ੍ਰਿਫਤਾਰ ਕੀਤੀ ਉਕਤ ਔਰਤ ਵਿਰੁੱਧ ਕਾਨੂੰਨੀ ਕਾਰਵਾਈ ਚੱਲ ਰਹੀ ਸੀ ਇਸੇ ਦੌਰਾਨ ਮਾਣਯੋਗ ਅਦਾਲਤ ਵੱਲੋਂ ਸੁਣਵਾਈ ਦੌਰਾਨ ਕਿਹਾ ਗਿਆ ਹੈ ਕਿ ਉਕਤ ਮਹਿਲਾ 'ਸਿਜ਼ੋਫ੍ਰੇਨੀਆ' ਵਰਗੀ ਗੰਭੀਰ ਮਾਨਸਿਕ ਬਿਮਾਰੀ ਤੋਂ ਪੀੜਤ ਸੀ। ਅਦਾਲਤ ਅਨੁਸਾਰ ਉਸ ਸਮੇਂ ਮਹਿਲਾ ਨੂੰ ਇਹ ਸਮਝ ਨਹੀਂ ਸੀ ਕਿ ਉਹ ਜੋ ਕਰ ਰਹੀ ਹੈ, ਉਹ ਨੈਤਿਕ ਤੌਰ 'ਤੇ ਗਲਤ ਹੈ। ਇਸੇ ਆਧਾਰ 'ਤੇ ਉਸ ਨੂੰ ਅਪਰਾਧਿਕ ਤੌਰ 'ਤੇ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ ਇੱਕ ਫੋਰੈਂਸਿਕ ਮਨੋਵਿਗਿਆਨਿਕ ਨੇ ਵੀ ਗਵਾਹੀ ਦਿੱਤੀ ਕਿ 30 ਸਾਲਾ ਉਕਤ ਔਰਤ ਉਸ ਸਮੇਂ ਮਾਨਸਿਕ ਤੌਰ 'ਤੇ ਬਿਮਾਰ ਸੀ ਅਤੇ ਉਸਨੇ ਇਸ ਹਾਲਤ ਵਿਚ ਆਪਣੇ ਪੁੱਤਰ ਨੂੰ ਸੁੱਟ ਦਿੱਤਾ ਸੀ ਮੈਡੀਕਲ ਮਾਹਿਰਾਂ ਅਨੁਸਾਰ ਬੱਚੇ ਨੂੰ ਜਨਮ ਦੇਣ ਤੋਂ ਬਾਅਦ ਕਈ ਮਹਿਲਾਵਾਂ 'ਪੋਸਟਪਾਰਟਮ ਡਿਪ੍ਰੈਸ਼ਨ' ਦਾ ਸ਼ਿਕਾਰ ਹੋ ਜਾਂਦੀਆਂ ਹਨ, ਜਿਸ ਕਾਰਨ ਉਹਨਾਂ ਚ ਹਕੀਕਤ ਸਮਝਣ ਦੀ ਸਮਰੱਥਾ ਖ਼ਤਮ ਹੋ ਜਾਂਦੀ ਹੈ।

ਦੇਸੀ ਬੀਟਸ ਔਸਟ੍ਰੇਲਿਆ ਵੱਲੋਂ ਹਰਫ ਚੀਮਾ ਦਾ ਸ਼ੋਅ ਕਰਵਾਇਆ ਗਿਆ । ਸਿਡਨੀ ਵਿੱਚ ਹਰਫ ਚੀਮੇ ਨੇ ਬੰਨੇ ਰੰਗ ਤੇ ਸ਼ੋਅ ਪੂਰੀ ਤਰ੍ਹਾਂ ਰਿਹਾ ਸੋਲਡ ਆਉਟ ਰਿਹਾ । ਪ੍ਰਬੰਧਕ ਨਵ ਖੈਹਿਰਾ ਨੇ ਸਟੇਜ ਤੇ ਬੋਲਦਿਆਂ ਕਿਹਾ, ਹਰਫ ਚੀਮੇ ਨੇ ਕਿਸਾਨੀ ਅਨਦੋਲਨ ਵਿੱਚ ਵਿਸ਼ੇਸ਼ ਭੁਮੀਕਾ ਨਿੱਭਾ ਕੇ ਪੰਜਾਬ ਦਾ ਪੁੱਤਰ ਹੋਣ ਦਾ ਮਾਂਣ ਵਧਾਇਆ। ਤੇ ਅੱਜ ਦੇ ਸ਼ੋਅ ਵਿੱਚ ਹਰਫ ਚੀਮੇ ਦੇ ਫੈਨਸ ਨੇ ਸ਼ੋਅ ਦੌਰਾਨ ਆਪਣੀ ਹਾਜ਼ਰੀ ਲਵਾਈ। ਆਸਟ੍ਰੇਲੀਆ ਸਿਡਨੀ **(ਹਰਜਿੰਦਰ ਪਾਲ ਛਾਬੜਾ)**












# ਕਰਮਾਂ ਦਾ ਫ਼ਲ

ਚਤਰੋ ਤਾਈਂ...

ਚਤਰੋ ਤਾਈਂ ਨੂੰ ਦੂਜਿਆਂ ਦੇ ਘਰ ਵਿੱਚ ਅੱਗ ਲਾਉਣ ‘ਚ ਬੜਾ ਸਵਾਦ ਆਉਂਦਾ ਸੀ। ਉਹ ਸਭ ਨਾਲ ਮਿੱਠੀ ਪਿਆਰੀ ਰਹਿੰਦੀ ਸੀ, ਪਰ ਅੰਦਰੋਂ ਉਹਦੀ ਫਿਤਰਤ ਸੱਪ ਵਰਗੀ ਸੀ।

ਉਹਨੇ ਬਹੁਤ ਘਰ ਤੋੜੇ ਸਨ। ਉਹਦੀ ਵਜ੍ਹਾ ਨਾਲ ਕਈ ਬੱਚੇ ਅਨਾਥ ਹੋਏ, ਵੱਸੇ ਵਸਾਏ ਘਰ ਉਜੜ ਗਏ।

ਉਸ ਨੇ ਸੋਚਿਆ ਕਿ ਮੇਰਾ ਕਿਸੇ ਨੇ ਕੀ ਵਿਗਾੜ ਲੈਣਾ ਏ।

ਫਿਰ ਇੱਕ ਦਿਨ ਰੱਬ ਦੀ ਨਜ਼ਰ ਉਹਦੇ ਕੀਤੇ ਗੁਨਾਹਾਂ ‘ਤੇ ਪੈਂਦੀ ਹੈ। ਅਚਾਨਕ ਉਸਨੂੰ ਪਤਾ ਲੱਗਦਾ ਹੈ ਕਿ ਉਸਦਾ ਘਰਵਾਲਾ ਕੈਂਸਰ ਦੀ ਆਖਰੀ ਸਟੇਜ ‘ਤੇ ਹੈ।

ਉਹ ਹੁਣ ਉਸਨੂੰ ਬਚਾਉਣ ਦੀ ਬਹੁਤ ਕੋਸ਼ਿਸ਼ ਕਰਦੀ ਹੈ, ਪਰ ਜਦੋਂ ਸਭ ਕੁਝ ਵਿਕ ਜਾਂਦਾ ਹੈ, ਤਾਂ ਓਦੋਂ ਹੀ ਉਸ ਦੀ ਮੌਤ ਹੋ ਜਾਂਦੀ ਹੈ।

ਉਹ ਬਹੁਤ ਰੱਬ ਨੂੰ ਕੋਸਦੀ ਹੈ ਕਿ ਮੇਰਾ ਏਨਾ ਚੰਗਾ ਬੰਦਾ ਹੀ ਦਿਸਿਆ ਸੀ ਤੈਨੂੰ ਆਪਣੇ ਨਾਲ ਲੈ ਕੇ ਜਾਣ ਲਈ।

ਕੁਝ ਸਮਾਂ ਬੀਤਦਾ ਹੈ। ਉਹ ਹੌਲੀ-ਹੌਲੀ ਆਪਣੇ ਘਰਵਾਲੇ ਦੀ ਮੌਤ ਦੇ ਸਦਮੇ ‘ਚੋਂ ਬਾਹਰ ਆਉਂਦੀ ਹੈ। ਆਪਣੀ ਧੀ ਨੂੰ ਚੰਗਾ ਘਰ ਵੇਖ ਕੇ ਵਿਆਹ ਦਿੰਦੀ ਹੈ।

ਸਭ ਕੁਝ ਠੀਕ ਚੱਲ ਰਿਹਾ ਹੁੰਦਾ ਹੈ। ਮਾਂ ਪੁੱਤ ਵਧੀਆ ਰਹਿ ਰਹੇ ਸਨ।

ਚਤਰੋ ਨੇ ਫਿਰ ਲੋਕਾਂ ਦੇ ਘਰਾਂ ‘ਚ ਅੱਗ ਲਾਉਣ ਦਾ ਕੰਮ ਸ਼ੁਰੂ ਕਰ ਦਿੱਤਾ। ਰੱਬ ਨੇ ਉਹਨੂੰ ਮੌਕਾ ਦਿੱਤਾ ਸੀ, ਪਰ ਮਾੜੇ ਲੋਕ ਕਿੱਥੇ ਬਾਜ਼ ਆਉਂਦੇ ਆ।

ਰੱਬ ਨੇ ਫਿਰ ਉਹਨੂੰ ਇੱਕ ਝਟਕਾ ਦਿੱਤਾ। ਉਹਦਾ ਪੁੱਤ ਬੁਰੀ ਸੰਗਤ ‘ਚ ਪੈ ਗਿਆ। ਚਿੱਟੇ ਵਰਗੇ ਭਿਆਨਕ ਨਸ਼ੇ ਨੂੰ ਉਹਨੇ ਮੂੰਹ ਲਾ ਲਿਆ।

ਉਹ ਕਿੱਥੇ ਛੁੱਟਦਾ ਏ। ਉਹ ਆਪਣੇ ਪੁੱਤਰ ਨੂੰ ਨਸ਼ਾ ਛੁਡਾਊ ਕੇਂਦਰ ‘ਚ ਛੱਡ ਦਿੰਦੀ ਹੈ।

ਇਸ ਦੌਰਾਨ ਉਸਨੂੰ ਪਤਾ ਲੱਗਦਾ ਹੈ ਕਿ ਉਸਦੀ ਧੀ ਮਾਂ ਨਹੀਂ ਬਣ ਸਕਦੀ। ਇਸ ਲਈ ਉਸਦੇ ਜਮਾਈ ਨੇ ਉਸਨੂੰ ਘਰੋਂ ਕੱਢ ਕੇ ਕੋਈ ਹੋਰ ਔਰਤ ਰੱਖ ਲਈ, ਤਾਂ ਜੋ ਉਹਨੂੰ ਪਿਤਾ ਬਣਨ ਦਾ ਸੁੱਖ ਮਿਲ ਸਕੇ।

ਉਹਦੀ ਧੀ ਇਹ ਸਦਮਾ ਨਾ ਸਹਿੰਦੀ ਹੋਈ ਨਹਿਰ ‘ਚ ਛਾਲ ਮਾਰ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲੈਂਦੀ ਹੈ।

ਉਹ ਚੀਕ ਕੇ ਕਹਿੰਦੀ ਹੈ, “ਹਾਏ ਰੱਬਾ! ਅੱਗੇ ਥੋੜ੍ਹੇ ਦੁੱਖ ਸਨ, ਜਿਹੜੇ ਤੂੰ ਹੋਰ ਦੇਣ ਲੱਗ ਪਿਆ ਏ?” ਉਹ ਰੱਬ ਨੂੰ ਬਹੁਤ ਕੋਸਦੀ ਹੈ।

ਪਰ ਉਹਨੂੰ ਆਪਣੀ ਗਲਤੀ ਕਿਤੇ ਵੀ ਨਹੀਂ ਦਿਸਦੀ। ਉਹ ਸਦਮੇ ‘ਚ ਹੀ ਰੱਬ ਨੂੰ ਚੰਗਾ ਮਾੜਾ ਬੋਲਦੀ ਫਿਰਦੀ ਹੈ।

ਫਿਰ ਇੱਕ ਦਿਨ ਉਸਦੇ ਪੈਰ ‘ਤੇ ਇੱਕ ਮਾਮੂਲੀ ਜਿਹੀ ਸੱਟ ਲੱਗ ਜਾਂਦੀ ਹੈ। ਉਸ ਨੇ ਵੀ ਜ਼ਿਆਦਾ ਗੌਰ ਨਹੀਂ ਕੀਤਾ।

ਹੌਲੀ-ਹੌਲੀ ਪੈਰ ਦੀ ਸੱਟ ਵੱਧ ਜਾਂਦੀ ਹੈ। ਡਾਕਟਰ ਨੂੰ ਦਿਖਾਉਣ ‘ਤੇ ਪਤਾ ਲੱਗਦਾ ਹੈ ਕਿ ਉਹਨੂੰ ਸ਼ੂਗਰ ਹੈ। ਜਖਮ ਬਹੁਤ ਗਹਿਰਾ ਹੋਣ ਕਰਕੇ ਲੱਤ ਕੱਟਣੀ ਪਵੇਗੀ।

ਡਾਕਟਰ ਉਸਦੀ ਲੱਤ ਕੱਟ ਦਿੰਦੇ ਹਨ। ਉਹ ਫਿਰ ਰੱਬ ਨੂੰ ਗਾਲਾਂ ਕੱਢਦੀ ਹੈ। ਰੱਬ ਨਾਲ ਉਹਨੇ ਜਿਵੇਂ ਵੈਰ ਹੀ ਪਾ ਲਿਆ ਹੋਵੇ।

ਉਹ ਕਹਿੰਦੀ ਹੈ, “ਇਸ ਤੋਂ ਮਾੜਾ ਹੋਰ ਕੀ ਕਰੇਂਗਾ? ਸਭ ਕੁਝ ਤਾਂ ਲੈ ਲਿਆ ਮੈਥੋਂ।”

ਪਰ ਜਿਵੇਂ ਰੱਬ ਅੰਦਰੋਂ ਕਹਿੰਦਾ ਹੋਵੇ—

“ਮੈਂ ਹਰ ਇਨਸਾਨ ਨੂੰ ਮੌਕੇ ਦਿੰਦਾ ਹਾਂ। ਜਦੋਂ ਇਨਸਾਨ ਹੀ ਨਹੀਂ ਸੁਧਰਦਾ, ਤਾਂ ਉਹ ਆਪਣੇ ਕਰਮਾਂ ਦਾ ਫਲ ਭੁਗਤਦਾ ਹੈ।”

ਰੱਬ ਨੇ ਹੁਣ ਉਹਦੀ ਆਖਰੀ ਉਮੀਦ ਵੀ ਖੋਹ ਲਈ।

ਇੱਕ ਸਵੇਰੇ ਉਸਨੂੰ ਪਤਾ ਲੱਗਦਾ ਹੈ ਕਿ ਉਸਦਾ ਪੁੱਤਰ ਚਿੱਟੇ ਦੀ ਤੋੜ ਨਾ ਸਹਿੰਦਾ ਹੋਇਆ ਕੈਂਚੀ ਨਾਲ ਆਪਣਾ ਗਲ ਕੱਟ ਕੇ ਆਪਣੀ ਜਾਨ ਦੇ ਦਿੰਦਾ ਹੈ।

ਹੁਣ ਜਦੋਂ ਸਭ ਕੁਝ ਖਤਮ ਹੋ ਗਿਆ, ਤਦੋਂ ਚਤਰੋ ਨੂੰ ਆਪਣੇ ਕੀਤੇ ਕਰਮਾਂ ‘ਤੇ ਪਛਤਾਵਾ ਹੁੰਦਾ ਹੈ।

ਹੁਣ ਉਹ ਰੱਬ ਕੋਲੋਂ ਮੌਤ ਮੰਗਦੀ ਹੈ, ਪਰ ਹੁਣ ਉਸਨੂੰ ਮੌਤ ਵੀ ਨਹੀਂ ਆਉਂਦੀ।

ਉਹ ਇਕੱਲੀ ਬੈਠੀ ਰਹਿੰਦੀ ਹੈ। ਉਸਨੂੰ ਪਾਣੀ ਦੀ ਇਕ ਘੁੱਟ ਵੀ ਦੇਣ ਵਾਲਾ ਕੋਈ ਨਹੀਂ।

ਅੰਤ:

ਜਿਹੋ ਜਿਹਾ ਬੀਜੋਗੇ, ਉਹੋ ਜਿਹਾ ਵੱਢੋਂਗੇ।

ਕਿਸੇ ਦਾ ਬੁਰਾ ਕਰਕੇ ਆਪਣੇ ਲਈ ਚੰਗੇ ਦੀ ਉਮੀਦ ਨਾ ਕਰੋ।



**ਵੀਰਪਾਲ ਭੱਠਲ**

# ਅੰਤਰਰਾਸ਼ਟਰੀ ਰੈੱਡ ਕਰਾਸ

**ਅੰਤਰਰਾਸ਼ਟਰੀ ਰੈੱਡ ਕਰਾਸ ਦਿਨ 'ਤੇ ਵਿਸ਼ੇਸ਼ ।**

19 ਵੀਂ ਸਦੀ ਵਿੱਚ ਸ੍ਰੀਮਤੀ ਅਲਿਜਬੈਥ ਫਰਾਈ ਤੇ ਕੁਮਾਰੀ ਫਲੋਰੈਂਸ ਨਾਈਟਨਗੇਲ ਦੇ ਨਾਂ ਹਸਪਤਾਲਾਂ ਦਾ ਕੰਮ ਨੇਮ ਬੰਦ ਕਰਨ ਅਤੇ ਨਰਸਾਂ ਦੀ ਸਿਖਲਾਈ ਆਰੰਭ ਕਰਨ ਲਈ ਪ੍ਰਸਿੱਧ ਹਨ। ਜੀਨ ਹੈਨਰੀ ਡੂਨੇਟ ਦਾ ਨਾਂ ਵੀ ਮਨੁੱਖ ਜਾਤੀ ਦੀ ਸੇਵਾ ਲਈ ਸਦਾ ਯਾਦ ਰੱਖਣ ਯੋਗ ਹੈ। ਡੂਨੇਟ ਸਵਿਟਜ਼ਰਲੈਂਡ ਦਾ ਰਹਿਣ ਵਾਲਾ ਸੀ । 1859 ਵਿੱਚ ਸੈਲਫਰੀਨੋ ਦੀ ਲੜਾਈ ਵੇਲੇ ਫੱਟੜ ਹੋਏ ਲੋਕਾਂ ਦਾ ਦੁੱਖ ਵੇਖ ਕੇ ਉਸਦਾ ਦਿਲ ਭਰ ਆਇਆ। ਉਸਨੇ ਇੱਕ ਕਿਤਾਬ ਲਿਖ ਕੇ ਇਹੋ ਜਿਹੀਆਂ ਸੰਸਥਾਵਾਂ ਬਣਾਉਣ ਦੀ ਮੰਗ ਕੀਤੀ। ਜੋ ਲੜਾਈ ਵੇਲੇ ਫੱਟੜਾਂ ਦੀ ਸਹਾਇਤਾ ਕਰਨ ਲਈ ਸਿੱਖੇ ਹੋਏ ਸਵੈ -ਇੱਛਕ ਤਿਆਰ ਕਰਨ, ਜੋ ਹਰ ਵੇਲੇ ਇਹ ਸੇਵਾ ਕਰਨ ਲਈ ਤਿਆਰ ਰਹਿਣ। ਉਸਦੇ ਯਤਨਾਂ ਨਾਲ ਜਨੇਵਾ ਵਿੱਚ ਅੰਤਰਰਾਸ਼ਟਰੀ ਰੈੱਡ ਕਰਾਸ ਸੋਸਾਇਟੀ ਬਣੀ ।ਜੋ ਅੱਜ ਤੱਕ ਕੰਮ ਕਰ ਰਹੀ ਹੈ। ਅੱਜ ਇੰਗਲੈਂਡ ਵਿੱਚ ਇਸ ਪ੍ਰਕਾਰ ਦੀਆਂ ਤਿੰਨ ਸਵੈ ਇੱਛਕ ਸੰਸਥਾਵਾਂ ਕੰਮ ਕਰ ਰਹੀਆਂ ਹਨ

ਅੱਜ ਰੋਗੀਆਂ ਨੂੰ ਅੱਗੇ ਨਾਲੋਂ ਬਹੁਤ ਚਿਰ ਪਹਿਲਾਂ ਹੀ ਹਸਪਤਾਲਾਂ ਵਿੱਚ ਬਾਹਰ ਭੇਜਿਆ ਜਾ ਰਿਹਾ ਹੈ। ਹਸਪਤਾਲਾਂ ਵਿੱਚ ਥਾਂ ਦੇ ਘਾਟ ਕਾਰਨ ਛੋਟੇ ਰੋਗਾ ਦਾ ਇਲਾਜ਼ ਘਰ ਕੀਤਾ ਜਾ ਰਿਹਾ ਹੈ। ਇਸ ਤੋਂ ਬਿਨਾਂ ਬਿਰਧਾਂ ਦੀ ਸੇਵਾ ਵੀ ਘਰਾਂ ਵਿੱਚ ਹੀ ਕੀਤੀ ਜਾਂਦੀ ਹੈ। ਇਹਨਾਂ ਸਾਰਿਆਂ ਦਾ ਧਿਆਨ ਰੱਖਣ ਲਈ ਸਿੱਖੀਆਂ ਹੋਈਆਂ ਨਰਸਾਂ ਨਹੀਂ ਹਨ । ਟੱਬਰ ਦੇ ਹੋਰ ਜੀਆਂ ਨੂੰ ਵੀ ਉਹਨਾਂ ਦੀ ਸੇਵਾ ਦੇ ਕੁਝ ਨਿਯਮਾਂ ਦੀ ਜਾਣਕਾਰੀ ਵੀ ਜ਼ਰੂਰੀ ਹੈ। ਇਸ ਜਾਣਕਾਰੀ ਬਿਨਾਂ ਉਨਾਂ ਦੀ ਸੇਵਾ ਵਿੱਚ ਕਾਫੀ ਘਾਟ ਜਾਂਦੀ ਹੈ। ਉਹਨਾਂ ਦੀ ਹਾਲਤ ਠੀਕ ਹੋਣ ਦੀ ਥਾਂ ਵਿਗੜ ਸਕਦੀ ਹੈ। ਸਕੂਲਾਂ ਵਿੱਚ ਬੱਚਿਆਂ ਨੂੰ ਫਸਟ ਏਡ ਹੋਮ ਨਰਸਿੰਗ ਦੀ ਟ੍ਰੇਨਿੰਗ ਦਿੱਤੀ ਜਾਂਦੀ ਹੈ। ਜਨ ਸਧਾਰਣ ਇਹ ਸਿਖਲਾਈ ਲੈ ਕੇ ਆਪਣੇ ਘਰਾਂ ਵਿੱਚ ਰੋਗੀਆਂ ਦੀ ਸੇਵਾ ਕਰ ਸਕਦੇ ਹਨ ਅਤੇ ਯੁੱਧ ਵੇਲੇ ਫੱਟੜਾਂ ਦੀ ਸਹਾਇਤਾ ਕਰ ਸਕਦੇ ਹਨ ।ਸਰਕਾਰ ਵੀ ਇਹ ਚਾਹੁੰਦੀ ਹੈ ਕਿ ਵੱਧ ਤੋਂ ਵੱਧ ਲੋਕਾਂ ਨੂੰ ਇਹਨਾਂ ਨਿਯਮਾਂ ਦੀ ਵਾਹ ਜਾਣਕਾਰੀ ਹੋਵੇ। ਵੇਖਿਆ ਜਾਵੇ ਤਾਂ ਭਾਈ ਘਨ੍ਹਈਆ ਜੀ ਇੱਕ ਤਰ੍ਹਾਂ ਨਾਲ ਇਸੇ ਸੰਸਥਾ ਦਾ ਮੁੱਢ ਬੰਨਣ ਵਾਲੇ ਪਹਿਲੇ ਇਨਸਾਨ ਹੋਏ ਹਨ। ਜੋ ਕਿ ਬਿਨਾਂ ਜਾਤ -ਪਾਤ ਧਰਮ ਵੇਖੇ ਫੱਟੜਾਂ ਦੀ ਯੁੱਧ ਦੇ ਮੈਦਾਨ ਵਿੱਚ ਸੇਵਾ ਕਰਦੇ ਸਨ , ਅਤੇ ਉਨਾਂ ਦੀ ਮੱਲਮ ਪੱਟੀ ਕਰਦੇ ਸਨ। ਉਹਨਾਂ ਨੂੰ ਪਾਣੀ ਆਦਿ ਪਿਆਉਂਦੇ ਸਨ। ਆਪ ਜੀ ਦਾ ਸ਼ੁਭਚਿੰਤਕ ਪਾਠਕ।



**ਡਾਕਟਰ ਨਰਿੰਦਰ ਭੱਪਰ ਝਬੇਲਵਾਲੀ।**
**ਪਿੰਡ ਤੇ ਡਾਕਖਾਨਾ ਝਬੇਲਵਾਲੀ।**
**ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ।**
**6284145349**

# ਅਪਣੇ ਲਈ ਹਰ ਕੋਈ ਜਿਉਂਦਾ



ਕੁਦਰਤ ਵਿੱਚ ਅਪਣੇ ਲਈ ਕੋਈ ਨ੍ਹੀਂ ਜਿਉਂਦਾ ਕੇਵਲ ਤੇ ਕੇਵਲ ਮਨੁੱਖ ਹੀ ਅਪਣੇ ਲਈ ਜਿਉਂਦਾ ਹੈ। ਸੂਰਜ ਚਮਕਦਾ ਹੈ ਸਾਰਿਆਂ ਨੂੰ ਰੋਸ਼ਨੀ ਦਿੰਦਾ ਹੈ, ਊਰਜਾ ਦਿੰਦਾ ਹੈ। ਪੇੜ ਪੌਦੇ ਸਾਰਾ ਕੁਝ ਅਪਣਾ ਆਪ ਨਿਛਾਵਰ ਕਰ ਦਿੰਦੇ ਹਨ। ਮਨੁੱਖ ਭੱਜ ਸਕਦਾ ਹੈ, ਦੌੜ ਸਕਦਾ ਹੈ। ਅਪਣੀ ਜਾਨ ਬਚਾ ਸਕਦਾ ਹੈ ਪ੍ਰੰਤੂ ਪੇੜ ਪੌਦੇ ਇੱਕੋ ਥਾਂ ਖੜੇ ਰਹਿੰਦੇ ਹਨ। ਉਨ੍ਹਾਂ ਦੇ ਤਣੇ,ਪੱਤੇ, ਟਹਿਣੀਆਂ, ਛਾਲ, ਜੜ੍ਹਾਂ, ਸਭ ਦਵਾਈਆਂ ਬਣਾਉਣ ਅਤੇ ਜਲਾਉਣ ਦੇ ਕੰਮ ਆਉਂਦੇ ਹਨ। ਇਨ੍ਹਾਂ ਨੂੰ ਕੱਟ ਕੇ, ਵੱਢ ਕੇ, ਟੁਕੜੇ ਬਣਾ ਕੇ ਕਿਸ਼ਤੀਆਂ ਤੇ ਸਮੁੰਦਰੀ ਜਹਾਜ਼ ਬਣਾਏ ਜਾਂਦੇ ਹ ਨ । ਪਸ਼ੂਆਂ ਉੱਤੇ ਹੁਕਮ ਚਲਾ ਕੇ ਆਪਣੇ ਕੰਮ ਕਰਵਾਏ ਜਾਂਦੇ ਹਨ। ਅਪਣੀ ਮਨਮਰਜ਼ੀ ਨਾਲ, ਮਨੁੱਖ ਉਨ੍ਹਾਂ ਨੂੰ, ਖੁਰਾਕ ਪਾਉਂਦਾ ਹੈ। ਕੁੱਤਿਆਂ ਨੂੰ ਪਾਲਤੂ ਬਣਾ ਕੇ, ਸੰਗਲੀਆਂ ਨਾਲ ਬੰਨ੍ਹ ਕੇ, ਗੁਲਾਮ ਬਣਾਉਂਦਾ ਹੈ, ਅੱਗ ਵਰਗੀ ਗਰਮੀ ਵਿੱਚ, ਜਿੱਥੇ ਬੰਨ੍ਹੇ ਹੁੰਦੇ ਹਨ, ਉੱਥੇ ਹੀ ਭੌਂ ਭੌਂ ਕਰਦੇ ਨੇ। ਖੁਲ੍ਹਾਂ ਛੱਡਣ ਤੋਂ ਬਾਅਦ ਤਣਾਅ ਵਿੱਚ ਵੱਢਦੇ ਨੇ। ਫਿਰ ਧੜਾਧੜ ਕੁਤਾ-ਵੱਢਣ ਦੇ ਟੀਕੇ ਲੱਗਦੇ ਨੇ।ਪੰਛੀਆਂ ਉੱਤੇ ਵੀ ਆਪਣੇ ਹਿਸਾਬ ਨਾਲ ਕਾਬੂ ਪਾ ਕੇ ਉਨ੍ਹਾਂ ਦੀ ਦੁਰਵਰਤੋਂ ਕਰਦਾ ਹੈ। ਉਨ੍ਹਾਂ ਦੇ ਅੰਡਿਆਂ ਅਤੇ ਮਾਸ ਨੂੰ ਆਪਣੇ ਭੋਜਨ ਦਾ ਹਿੱਸਾ ਬਣਾਉਂਦਾ ਹੈ। ਕੋਈ ਤਰਸ ਨਹੀਂ ਦਿਖਾਉਂਦਾ। ਪੋਲਟਰੀ ਫਾਰਮਾਂ ਵਿੱਚ ਮੁਰਗੇ ਮੁਰਗੀਆਂ ਪਾਲ ਕੇ ਉਨ੍ਹਾਂ ਦੇ ਅੰਡਿਆਂ ਅਤੇ ਮਾਸ ਦੀ ਵਪਾਰਕ ਤੌਰ ਤੇ ਵਰਤੋਂ ਕੀਤੀ ਜਾਂਦੀ ਹੈ। ਧਰਤੀ ਵਿੱਚੋਂ ਨਿਕਲੇ ਖਣਜ ਪਦਾਰਥ ਲੋਹਾ, ਕੋਲਾ, ਚਾਂਦੀ, ਸੋਨਾ, ਸਭ ਤੇ ਸਰਦਾਰੀ ਹੁੰਦੀ ਹੈ, ਇਨ੍ਹਾਂ ਲਈ ਜ਼ਿੰਦਗੀ ਮੌਤ ਦੀ ਲੜਾਈ ਵੀ ਹੁੰਦੀ ਹੈ। ਇਹ ਚੀਜ਼ਾਂ ਬੰਦੇ ਲਈ ਮੁਫਤ ਵਿੱਚ ਹਨ। ਅੱਗੇ ਬੰਦਾ ਇਨ੍ਹਾਂ ਤੋਂ ਸਭ ਤਰ੍ਹਾਂ ਦੇ ਗਹਿਣੇ, ਸੰਦ, ਟਰੈਕਟਰ, ਹਵਾਈ ਜਹਾਜ, ਰਾਕੇਟ,ਉਡਣ ਤਸ਼ਤਰੀਆਂ ਬਣਾ ਲੈਂਦਾ ਹੈ । ਕੁਦਰਤ ਨੇ ਸਭ ਕੁਝ, ਉਸਦੇ ਪੱਲੇ, ਮੁਫ਼ਤ ਵਿੱਚ ਪਾ ਦਿੱਤਾ ਹੈ,ਬਦਲੇ ਵਿੱਚ ਉਸ ਤੋਂ ਕੁਝ ਨਹੀਂ ਮੰਗਦੀ। ਪਰ ਬੰਦਾ, ਕੁਦਰਤ ਨੂੰ, ਦਾਤੇ ਨੂੰ, ਭੁੱਲ ਬੈਠਾ ਹੈ।




**ਅਮਰਜੀਤ ਸਿੰਘ ਤੂਰ**
**ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ ਹਾਲ-ਆਬਾਦ #639/40ਏ, ਚੰਡੀਗੜ੍ਹ**
**ਫੋਨ ਨੰਬਰ : 9878469639**


AMBEDKAR INTERNATIONAL MISSION LONDON
Sīla • Samādhi • Paññā
AMBEDKAR INTERNATIONAL MISSION, LONDON
Pays Homage to
THE GREAT DR BABASAHEB AMBEDKAR
On the occasion of his 135th Birth Anniversary
Sunday, 10th May, 2026 From 2 pm (sharp) until 6 pm
At Elmhurst School, Upton Park Road, London, E7 8JY
Sir Stephen Timms MP, Minister of State (Department for Work and Pensions) will be in attendance from 3 pm
The Indian Hign Commission, the Mayor of Newham, and local dignitaries are invited
HONORARY GUEST
Gaurav J. Pathania is Assistant Professor of Sociology & Peacebuilding at Eastern Mennonite University, Virginia. He is an Ambedkar'ite scholar, activist, poet and a community organiser in the USA.
SPECIAL TRIBUTE
Special tributes will be paid to Mr. Prem Chand Mann, Mr. Hari Ram Leal and Mr. Gurdial Chand Banger, who all passed away recently. A great loss to the Mission.
All are cordially invited along with family, friends and relatives
Cultural Entertainment
Bhai Tejinder Singh Lallianwale and Giani Onkar Singh
Speeches and Poetry
Lunch (Langar) will be strictly served between 12 noon - 1:30 pm only
Mr. Prem Chand Mann's family will provide Langar in honour, respect and in memory of Mr. Prem Chand Mann.
Transport and Parking
Nearest Underground: Upton Park, District, Hammersmith and City lines.
The venue is 10 minutes' walk from Upton Park Underground Station
Free parking at Elmhurst Primary School
Contact:
Tel. 07751-668926

# " ਵਿਦੇਸ਼ੀ ਲਾਲਸਾ ਦਾ ਅਧਿਐਨ ਕਰਦਾ ਕਹਾਣੀ ਸੰਗ੍ਰਹਿ - ਰੱਬ ਖ਼ੈਰ ਕਰੇ"

**ਪੁਸਤਕ ਦਾ ਨਾਂ - ਰੱਬ ਖ਼ੈਰ ਕਰੇ (ਕਹਾਣੀ ਸੰਗ੍ਰਹਿ)**
**ਕਹਾਣੀਕਾਰ - ਜੋਰਾਵਰ**
**ਪੰਨੇ - 104 ਕੀਮਤ - 250/- ਰੁਪਏ**
**ਪ੍ਰਕਾਸ਼ਕ - ਨੈਸ਼ਨਲ ਬੁੱਕ ਸ਼ਾਪ, ਦਿੱਲੀ।**

ਮਨੁੱਖਾ ਜਨਮ ਵਿੱਚ ਨਿੱਤ ਪ੍ਰਤੀ ਵਾਪਰਦੀਆਂ ਘਟਨਾਵਾਂ ਅਕਸਰ ਕਹਾਣੀਆਂ ਦਾ ਰੂਪ ਲੈ ਲੈਂਦੀਆਂ ਹਨ। ਗੱਲ ਕੇਵਲ ਸੰਵੇਦਨਸ਼ੀਲ ਹੋਣ ਦੀ ਹੈ। ਆਮ ਆਦਮੀ ਲਈ ਇਹ ਸਿਰਫ ਘਟਨਾਵਾਂ ਹੀ ਰਹਿੰਦੀਆਂ ਹਨ ਜਿਹੜੀਆਂ ਕੁਝ ਸਮੇਂ ਬਾਅਦ ਭੁੱਲ ਜਾਂਦੀਆਂ ਹਨ ਪਰ ਸੰਵੇਦਨਸ਼ੀਲ ਵਿਅਕਤੀ ਨੂੰ ਇਹ ਕਚੋਟਦੀਆਂ ਰਹਿੰਦੀਆਂ ਹਨ ਤੇ ਫਿਰ ਕਾਗਜ਼ ਤੇ ਉਤਾਰ ਕੇ ਸਮਾਜ ਤੱਕ ਪਹੁੰਚਦਾ ਕਰਦਾ ਹੈ। ਪ੍ਰਵਾਸੀ ਕਹਾਣੀਕਾਰ ਜੋਰਾਵਰ ਦੀ ਹਥਲੀ ਪੁਸਤਕ " ਰੱਬ ਖ਼ੈਰ ਕਰੇ" ਉਸਦਾ ਤੀਜਾ ਕਹਾਣੀ ਸੰਗ੍ਰਹਿ ਹੈ ਜਿਸ ਵਿਚ ਯਾਰਾਂ ਛੋਟੀਆਂ ਵੱਡੀਆਂ ਕਹਾਣੀਆਂ ਦਰਜ ਹਨ। ਇਹ ਪੁਸਤਕ ਕਰੀਬ ਦਸ ਸਾਲ ਦੇ ਅੰਤਰਾਲ ਤੋਂ ਬਾਅਦ ਪਾਠਕਾਂ ਤਕ ਪਹੁੰਚੀ ਹੈ। ਇਸ ਤੋਂ ਪਹਿਲਾਂ ਤਰੇੜਾਂ 2011 ਅਤੇ ਸੁਪਨੇ ਸੱਚ ਹੋਣਗੇ 2014 ਵਿਚ ਦੋ ਕਹਾਣੀ ਸੰਗ੍ਰਹਿ ਆ ਚੁੱਕੇ ਹਨ। ਪੁਸਤਕ ਉਹਨਾਂ ਲੋਕਾਂ ਨੂੰ ਸਮਰਪਿਤ ਕੀਤੀ ਹੈ ਜਿਹੜੇ ਆਪਣੀ ਮੰਜਿਲ ਅਤੇ ਸੁੱਖ ਪ੍ਰਾਪਤੀ ਲਈ ਯਤਨਸ਼ੀਲ ਹਨ। ਪੁਸਤਕ ਦੀ ਸਿਰਲੇਖਤ ਕਹਾਣੀ ਸਤਵੇਂ ਸਥਾਨ ਤੇ ਸ਼ਾਮਲ ਹੈ। ਪੁਸਤਕ ਪੜ੍ਹਦਿਆਂ ਉਸ ਦੀਆਂ ਕਹਾਣੀਆਂ ਵਿਚ ਸਮਾਜਿਕ ਸਰੋਕਾਰ, ਆਰਥਿਕ ਹਾਲਤ, ਮਜਬੂਰੀ, ਨਿਰਾਸ਼ਾਵਾਦ, ਹਾਦਸੇ ਅਤੇ ਠੱਗੀ ਠੋਰੀ ਆਦਿ ਦਿਖਾਈ ਦਿੰਦੇ ਹਨ। ਸਿਰਲੇਖਤ ਕਹਾਣੀ ਰੱਬ ਖ਼ੈਰ ਕਰੇ ਉਸ ਮੱਧਵਰਗੀ ਕਿਸਾਨ ਦੀ ਵਿਥਿਆ ਪੇਸ਼ ਕਰਦੀ ਹੈ ਜਿਸ ਦਾ ਪਿਓ ਆਰਥਿਕ ਤੰਗੀ ਕਾਰਨ ਫਾਹਾ ਲੈ ਕੇ ਮਰ ਜਾਂਦਾ ਹੈ ਅਤੇ ਮੁੰਡਾ ਬਾਹਰ ਨਾ ਜਾ ਸਕਣ ਕਾਰਨ ਨਸ਼ੇੜੀ ਹੋ ਕੇ ਆਪਣੇ ਖੇਤਾਂ ਵਿੱਚ ਹੀ ਫਸਲ ਦੀ ਕਟਾਈ ਦੌਰਾਨ ਕੰਬਾਈਨ ਨਾਲ ਕਟਿਆ ਜਾਂਦਾ ਹੈ। ਇਸ ਕਹਾਣੀ ਦਾ ਮੁੱਖ ਪਾਤਰ ਜਗੀਰ ਸਿੰਘ ਇਸ ਤ੍ਰਾਸਦੀ ਦਾ ਸ਼ਿਕਾਰ ਬਣਦਾ ਹੈ। ਕਹਾਣੀ ਖਾਲੀ ਹੱਥ ਉਸ ਮੁਟਿਆਰ ਦਾ ਬਿਰਤਾਂਤ ਸਿਰਜਦੀ ਹੈ ਜਿਹੜੀ ਆਪਣੇ ਸੁਪਨੇ, ਅਰਮਾਨਾਂ ਨੂੰ ਕੁਚਲ ਕੇ ਸੁੱਖ ਭਾਲਦੀ ਹੈ ਪਰ ਬਿਨਾਂ ਕਿਸਮਤ ਸੁੱਖ ਕਿਸੇ ਨੂੰ ਨਸੀਬ ਨਹੀਂ ਹੁੰਦਾ। ਕਹਾਣੀ ਵਿਚ ਨਾਇਕਾ ਸਤਿਕਾਰ ਆਪਣੀਆਂ ਇੱਛਾਵਾਂ ਨੂੰ ਦਬ ਕੇ ਆਪਣੀ ਭੈਣ ਜਿਸ ਦੇ ਦੋ ਬੱਚੇ ਹਨ ਅਤੇ




ਵਿਦੇਸ਼ ਰਹਿੰਦੀ ਹੈ, ਦੀ ਮੌਤ ਤੋਂ ਬਾਅਦ ਘਰ ਵਾਲਿਆਂ ਦੇ ਆਖੇ ਲੱਗ ਕੇ, ਆਪਣੇ ਸੁਪਨੇ ਰੋਲ ਕੇ ਆਪਣੇ ਜੀਜੇ ਕਰਤਾਰ ਨਾਲ ਵਿਆਹ ਤਾਂ ਕਰਵਾ ਲੈਂਦੀ ਹੈ ਭਾਵੇਂ ਉਹ ਪਿੰਡ ਦੇ ਜਗਤਾਰ ਨਾਮੀ ਲੜਕੇ ਨੂੰ ਚਾਹੁੰਦੀ ਹੈ। ਉਸ ਦੇ ਆਪਣਾ ਬੱਚਾ ਪੈਦਾ ਕਰਨ ਦੀ ਇੱਛਾ ਵਿਚੇ ਰਹਿ ਜਾਂਦੀ ਹੈ। ਮੱਧਵਰਗ ਪਰਿਵਾਰਾਂ ਦੀ ਇਹ ਸਮੱਸਿਆ ਹੈ ਕਿ ਉਹ ਆਪਣੇ ਬੱਚਿਆਂ ਲਈ ਚਿੰਤਾਤੁਰ ਰਹਿੰਦੇ ਹਨ। ਬਿਮਾਰੀ ਦੀ ਹਾਲਤ ਵਿੱਚ ਮਨੁੱਖ ਜਾਂ ਤਾਂ ਬਿਮਾਰੀ ਤੋਂ ਛੁਟਕਾਰਾ ਪਾਉਣ ਲਈ ਮੌਤ ਦੀ ਆਸ ਰਖਦਾ ਹੈ ਜਾਂ ਭੂਤਕਾਲ ਵਿੱਚ ਗਵਾਚ ਜਾਂਦਾ ਹੈ। ਇਵੇਂ ਹੀ ਨਾਇਕਾ ਬਿਮਾਰ ਹੋਣ ਤੇ ਨਿਰਾਸ਼ਾਵਾਦੀ ਹੋ ਜਾਂਦੀ ਹੈ।

ਅਗਲੀ ਕਹਾਣੀ ਪਤਾ ਨਹੀਂ ਵਿੱਚ ਸਜਾ ਦੇਣ ਨਾਲੋਂ ਮਾਫ਼ ਕਰਨਾ ਵੱਡਾ ਦਿਖਿਆ ਗਿਆ ਹੈ ਅਤੇ ਨਾਲ ਹੀ ਇਮਾਨਦਾਰੀ ਨਾਲ ਗੁਨਾਹ ਸਵੀਕਾਰ ਕਰਨਾ। ਕਹਾਣੀ ਕਿਰਤ ਦੀ ਲੁੱਟ ਕਿਸੇ ਗਰੀਬ ਕਾਮੇ ਦੇ ਕੰਮ ਦਾ ਨਜਾਇਜ ਫਾਇਦਾ ਲੈਣ ਦੀ ਗੱਲ ਕਰਦੀ ਹੈ। ਪਾਤਰ ਅਰਜੁਨ ਵਲੋ ਆਪਣੇ ਪਿਓ ਦਾਦੇ ਦੇ ਵਤੀਰੇ ਬਾਰੇ ਜਾਣਕਾਰੀ ਅਤੇ ਬਾਪੂ ਨੂੰ ਮੇਹਨਤਾਨਾ ਨਾ ਮਿਲਣ ਦੀਆਂ ਯਾਦਾਂ ਵਿਚ ਉਲਝੇ ਰਹਿਣਾ, ਨੌਕਰੀ ਦਾ ਛੁੱਟ ਜਾਣਾ ਅਤੇ ਪੈਸੇ ਵੀ ਨਾ ਮਿਲਣਾ। ਨਾਲ ਹੀ ਪਾਤਰ ਸਰਦਾਰ ਜੀ ਦੀ ਕਹਿਣੀ ਤੇ ਕਥਨੀ ਵਿਚ ਫਰਕ ਦਸਦੀ ਹੈ ਕਹਾਣੀ। ਅਗਲੀ ਕਹਾਣੀ ਸਿਰਫ਼ ਇੱਕ ਪਲ ਦੀ ਨਾਇਕਾ ਜੀਵਨਜੋਤ ਦੀ ਵਿਦੇਸ਼ ਦੀ ਤ੍ਰਾਸਦੀ ਦੂਜੀ ਪਾਤਰ ਕਮਲ ਦੇ ਆਤਮ ਹੱਤਿਆ ਦੇ ਸੰਧਰਭ ਵਿੱਚ ਬਿਆਨ ਕਰਦੀ ਹੈ। ਲੋੜ ਅਨੁਸਾਰ ਬਦਲਦੇ ਸਮੇਂ ਦੀ ਗੱਲ ਕਰਦੀ ਹੈ। ਕਿਸੇ ਸਮੇਂ ਕੁੜੀਆਂ ਨੂੰ ਘਰ ਅੰਦਰ ਹੀ ਰੱਖਿਆ ਜਾਂਦਾ, ਪੜ੍ਹਨ ਲਈ ਵੀ ਨਾ ਭੇਜਿਆ ਜਾਂਦਾ ਪਰ ਹੁਣ ਆਪਣੇ ਲਾਲਚ ਵੱਸ ਆਈਲੈਟਸ ਕਰਵਾ ਕੇ ਵਿਦੇਸ਼ ਭੇਜਣਾ। ਵਿਦੇਸ਼ਾਂ ਵਿਚ ਕੁੜੀਆਂ ਨਾਲ ਹੁੰਦੇ ਸੋਸ਼ਣ, ਨੌਜਵਾਨ ਜੁਗਰਾਜ ਵਰਗੇ ਆਪਣੇ ਮਿੱਤਰਾਂ ਨਾਲ ਕਰਦੇ ਨਸ਼ੇ, ਹਵਸ਼ ਦੀ ਭਰਮਾਰ ਹੁੰਦੀ ਬਾਹਰਲੇ ਮੁਲਕਾਂ ਵਿੱਚ ਦੱਸਦੀ ਹੈ। ਨਾਇਕਾ ਦਾ ਸੋਸ਼ਣ ਕਰਕੇ ਆਪਣੀ ਮੌਤ ਨੂੰ ਗਲੇ ਲਾਉਣ ਤੇ ਅੰਮ੍ਰਿਤ ਕੌਰ ਦਾ ਬਚਾਉਣਾ ਉਸ ਨੂੰ ਜਿੰਦਗੀ ਤੇ ਮੌਤ ਵਿਚ ਸਿਰਫ਼ ਇੱਕ ਪਲ ਦਾ ਫਾਸਲਾ ਲਗਦਾ ਹੈ। ਕਹਾਣੀ ਵਿਚ ਸਪੱਸ਼ਟ ਰੂਪ ਵਿਚ ਕਮਲ ਦੇ ਆਤਮ ਹੱਤਿਆ ਦਾ ਕਾਰਨ ਨਹੀਂ ਦੱਸਿਆ ਗਿਆ। ਕਹਾਣੀ ਕੈਨੇਡਾ ਵਾਲੀ ਭੂਆ ਵਿਦੇਸ਼ ਗਈਆਂ ਕੁੜੀਆਂ ਦੀ ਤ੍ਰਾਸਦੀ ਨੂੰ ਪੇਸ਼ ਕਰਦੀਆਂ ਹਨ। ਸਿੰਮੀ ਦੇ ਪਿਓ ਨੂੰ ਆਪਣੀ ਭੈਣ ਦੀ ਹਾਲਾਤ ਦਾ ਪਤਾ ਹੁੰਦਿਆਂ ਵੀ ਇਸ ਦਾ ਦੁਹਾਜੂ ਨਾਲ ਵਿਆਹ ਕਰਕੇ ਕੈਨੇਡਾ ਭੇਜਣਾ, ਅਚੰਭਿਤ ਜਾਪਦਾ ਹੈ। ਕੈਨੇਡਾ ਵਾਲੀ ਭੂਆ ਆਪਣੇ ਪਤੀ ਦੇ ਕਹਿਣ ਤੇ ਆਪਣੇ ਭਰਾਵਾਂ ਤੋਂ ਜਾਇਦਾਦ ਵਿੱਚੋ ਹਿੱਸਾ ਲੈਣ ਆਉਂਦੀ ਹੈ ਪਰ ਵਾਪਸ ਕੈਨੇਡਾ ਨਾ ਜਾ ਕੇ ਕਿਧਰ ਟੁਰ ਗਈ, ਖੁਲਾਸਾ ਨਹੀਂ ਕੀਤਾ। ਕਹਾਣੀ ਸੇਵਾਦਾਰ ਵਿੱਚ ਕਾਲ਼ੇ ਦੌਰ ਦਾ ਜਿਕਰ ਕੀਤਾ ਗਿਆ ਹੈ ਪਰ ਢੀਂਡਸਾ ਸਾਬ੍ਹ ਦੀ ਸਥਿਤੀ ਸਪਸ਼ਟ ਨਹੀਂ ਹੋਈ। ਪੁਸਤਕ ਦੀ ਕਹਾਣੀ ਫਿਰ ਗੱਲ ਬਣ ਗਈ ਦਾ ਮੁੱਖ ਪਾਤਰ ਗੁਰਸੇਵਕ ਸਿੰਘ ਇਕ ਗਰੋਸਰੀ ਸਟੋਰ ਦਾ ਮਾਲਕ ਹੈ ਪਰ ਜੁਗਾੜੀ, ਠੱਗ ਅਤੇ ਕਬੂਤਰਬਾਜ਼ ਬੰਦਾ ਹੈ ਜਿਹੜਾ ਆਪਣੀ ਆਮਦਨ ਵਧਾਉਣ ਲਈ ਜੁਗਾੜ ਲਗਾਉਂਦਾ, ਠੱਗੀਆਂ ਮਾਰਦਾ ਅਤੇ ਕਬੂਤਰਬਾਜ਼ੀ ਕਰਦਾ ਹੈ। ਆਪਣੇ ਕਾਮਿਆਂ ਤੋਂ ਪੈਸੇ ਲੈਕੇ ਉਹਨਾਂ ਉਪਰ ਹੀ ਖਰਚ ਕਰਦਾ ਹੈ। ਜਿਵੇਂ ਇਕ ਕਹਾਵਤ ਹੈ ਸਾਡਾ ਸਿਰ ਤੇ ਸਾਡੀਆਂ ਜੁਤੀਆਂ। ਗੁਰਦੁਆਰੇ ਦੇ ਪ੍ਰਧਾਨ ਨਾਲ ਗੰਢ ਸੰਢ ਕਰਕੇ ਪੰਜਾਬ ਵਿੱਚ ਆਏ ਹੜਾਂ ਦੀ ਆੜ ਵਿੱਚ ਪੈਸਾ ਠੱਗਣਾ ਚਾਹੁੰਦਾ ਹੈਂ।



ਕਹਾਣੀ ਦਸਵੰਧ ਦਾ ਪਾਤਰ ਇਕ ਗਰੀਬ ਦੀ ਮਦਦ ਲਈ ਕਮਾਈ ਵਿੱਚੋਂ ਦਸਵੰਧ ਤਾਂ ਦਿੰਦਾ ਹੈ ਪਰ ਇਹ ਨਹੀਂ ਜਾਣਦਾ ਕਿ ਮਾਰੇ ਗਏ ਕਾਮੇ ਕਰਮੇ ਦਾ ਮੁੰਡਾ ਨਸ਼ਾ ਅਤੇ ਲੁੱਟ ਮਾਰ ਕਰਦਾ ਹੈ ਅਤੇ ਉਸ ਦੀ ਘਰਵਾਲੀ ਦਾਨ ਪੁੰਨ ਦੇ ਨਾਂ ਤੇ ਲੋਕਾਂ ਨੂੰ ਲੁਟਦੀ ਹੈ। ਪਾਤਰ ਦਾ ਕਰਮੇਂ ਦੇ ਮੁੰਡੇ ਹਥੋ ਜਖਮੀ ਹੋਣ ਤੇ ਹੀ ਪਤਾ ਲਗਦਾ ਹੈ। ਅਗਲੀ ਕਹਾਣੀ ਖ਼ਬਰ ਦਾ ਪਾਤਰ ਪੱਤਰਕਾਰ ਸੁਰਿੰਦਰ ਸੋਨੀ ਦੀ ਮੌਤ ਵਾਪਰ ਰਹੇ ਹਾਦਸਿਆਂ ਦੀ ਤ੍ਰਾਸਦੀ ਬਿਆਨ ਕਰਦੀ ਹੈ। ਪੁਸਤਕ ਦੀ ਆਖਰੀ ਕਹਾਣੀ ਨਿੱਕੀ ਜਿਹੀ ਗੱਲ ਜਿੰਦਗੀ ਵਿਚੋਂ ਪ੍ਰੇਸ਼ਾਨੀਆਂ ਨੂੰ ਦੂਰ ਕਰਕੇ ਵਰਤਮਾਨ ਸਮੇਂ ਦਾ ਲਾਭ ਲੈਣ ਦੀ ਗੱਲ ਕਰਦੀ ਹੈ। ਪੁਸਤਕ ਵਿਚ ਸਮੁੱਚੇ ਪਰਵਾਸ ਦੇ ਹਾਲਾਤਾਂ ਦਾ ਬਿਰਤਾਂਤ ਸਿਰਜਿਆ ਗਿਆ ਹੈ। ਜਿਵੇਂ ਆਖਦੇ ਹਨ ਕਿ ਦੂਰ ਦੇ ਢੋਲ ਸੁਹਾਵਣੇ ਹੁੰਦੇ ਹਨ ਵਾਂਗ ਦੇਸ ਵਾਸੀਆਂ ਨੂੰ ਲਗਦਾ ਹੈ ਕਿ ਵਿਦੇਸ਼ ਵਿਚ ਮੌਜਾਂ ਹਨ ਪਰ ਉਥੋਂ ਦੀਆਂ ਮੁਸ਼ਕਲਾਂ, ਤੰਗੀਆਂ ਅਤੇ ਨਿਰਭਾਅ ਦਾ ਗਿਆਨ ਉਥੇ ਗਏ ਵਿਅਕਤੀਆਂ ਨੂੰ ਹੀ ਪਤਾ ਲਗਦਾ ਹੈ। ਕਹਾਣੀਆਂ ਵਿਚ ਕਈ ਪਾਤਰਾਂ ਦੇ ਨਾਮ ਇਕੋ ਜਿਹੇ ਹਨ ਜਿਵੇਂ ਜੇਸਨ ਅਤੇ ਅਰਜੁਨ ਕਈ ਕਹਾਣੀਆਂ ਵਿਚ ਆਏ ਹਨ। ਲੇਖਕ ਕੈਨੇਡਾ ਵਾਸੀ ਹੋਣ ਕਰਕੇ ਕਹਾਣੀਆਂ ਵਿਚ ਅੰਗਰੇਜ਼ੀ ਸ਼ਬਦ ਅਤੇ ਵਾਕਾਂ ਦੀ ਵਰਤੋਂ ਸੁਭਾਵਿਕ ਹੀ ਹੈ। ਕਹਾਣੀਕਾਰ ਨੇ ਉਥੋਂ ਦੀਆਂ ਇਹਨਾਂ ਸਥਿਤੀਆਂ ਬਾਰੇ ਜਿਕਰ ਕਰਨ ਦੀ ਕੋਸ਼ਿਸ਼ ਕੀਤੀ ਹੈ।

**ਰਿਵਿਊਕਾਰ - ਤੇਜਿੰਦਰ ਚੰਡਿਹੋਕ**
**ਸਾਬਕਾ ਏ ਐਸ ਪੀ ਨੈਸ਼ਨਲ ਐਵਾਰਡ ਪ੍ਰਾਪਤ ਅਤੇ ਬਾਨੀ/ਪ੍ਰਧਾਨ ਲੇਖਕ ਪਾਠਕ ਸਾਹਿਤ ਸਭਾ ਰਜਿ ਬਰਨਾਲਾ**
**95010-00224**







Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition


# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ



ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com